ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2655 | 26 November, 2026 Thursday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੋਲ੍ਹਣ ਦੀ ਪਟੀਸ਼ਨ 'ਤੇ ਦਿੱਲੀ ਹਾਈ ਕੋਰਟ ਦਾ ਵੱਡਾ ਫੈਸਲਾ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਦਿੱਲੀ ਹਾਈ ਕੋਰਟ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਬੰਦ ਕੀਤੇ ਗਏ ਕਰਤਾਰਪੁਰ ਸਾਹਿਬ ਲਾਂਘੇ ਨੂੰ ਮੁੜ ਖੋਲ੍ਹਣ ਦੀ ਮੰਗ ਵਾਲੀ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੀਆਂ ਸੇਵਾਵਾਂ ਮੁਅੱਤਲ ਕਰਨ ਦਾ ਫੈਸਲਾ ਕੇਂਦਰ ਸਰਕਾਰ ਦਾ ਨੀਤੀਗਤ ਫੈਸਲਾ ਹੈ ਅਤੇ ਇਸ ਮਾਮਲੇ ਵਿੱਚ ਦਖਲ ਦੇਣ ਦਾ ਕੋਈ ਕਾਰਨ ਨਹੀਂ ਬਣਦਾ। ਕਾਰਜਕਾਰੀ ਚੀਫ਼ ਜਸਟਿਸ ਨਿਤਿਨ ਵਾਸੂਦੇਵ ਸਾਂਬਰੇ ਅਤੇ ਜਸਟਿਸ ਸੰਜੇ ਸ਼ਰਮਾ ਦੀ ਬੈਂਚ ਨੇ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਸਿੱਖ ਸ਼ਰਧਾਲੂਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਨ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਸੀ। ਹਾਲਾਂਕਿ, ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਨੇ 7 ਮਈ 2025 ਤੋਂ ਇਸ ਦੀਆਂ ਸੇਵਾਵਾਂ ਮੁਅੱਤਲ ਕਰਨ ਦਾ ਫੈਸਲਾ ਲਿਆ ਸੀ। ਅਦਾਲਤ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਇਹ ਫੈਸਲਾ ਭਾਰਤ ਸਰਕਾਰ ਵੱਲੋਂ ਆਪਣੇ ਨਾਗਰਿਕਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ ਸੀ। ਇਸ ਲਈ ਅਸਧਾਰਨ ਰਿੱਟ ਅਧਿਕਾਰ ਖੇਤਰ ਦੀ ਵਰਤੋਂ ਕਰਦਿਆਂ ਸਰਕਾਰ ਦੇ ਨੀਤੀਗਤ ਫੈਸਲੇ ਵਿੱਚ ਦਖਲ ਦੇਣ ਦਾ ਕੋਈ ਆਧਾਰ ਨਹੀਂ ਹੈ। ਇਹ ਜਨਹਿਤ ਪਟੀਸ਼ਨ ਗੈਰ-ਸਰਕਾਰੀ ਸੰਸਥਾ ਟਰਾਂਸਪੇਰੈਂਸੀ ਪਬਲਿਕ ਵੈਲਫੇਅਰ ਫਾਊਂਡੇਸ਼ਨ ਵੱਲੋਂ ਦਾਇਰ ਕੀਤੀ ਗਈ ਸੀ। ਪਟੀਸ਼ਨ ਵਿੱਚ ਮੰਗ ਕੀਤੀ ਗਈ ਸੀ ਕਿ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ



ਸਥਿਤ ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਦੇ ਦਰਸ਼ਨ ਕਰਨ ਦੀ ਸਹੂਲਤ ਦੇਣ ਲਈ ਲਾਂਘੇ ਨੂੰ ਮੁੜ ਖੋਲ੍ਹਿਆ ਜਾਵੇ। ਅਦਾਲਤ ਨੇ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਉਮੀਦ ਜਤਾਈ ਕਿ ਕੇਂਦਰ ਸਰਕਾਰ ਆਪਣੇ ਸਾਹਮਣੇ ਪੈਂਡਿੰਗ ਪਟੀਸ਼ਨ 'ਤੇ ਵਿਚਾਰ ਕਰੇਗੀ। ਕਰਤਾਰਪੁਰ ਸਾਹਿਬ ਲਾਂਘਾ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਵਿੱਚ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਨੂੰ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਨਾਲ ਜੋੜਦਾ ਹੈ। ਗੁਰਦੁਆਰਾ ਦਰਬਾਰ ਸਾਹਿਬ ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਪਵਿੱਤਰ ਅਸਥਾਨ ਹੈ, ਜਿੱਥੇ ਉਨ੍ਹਾਂ ਨੇ ਆਪਣੇ ਜੀਵਨ ਦੇ ਆਖਰੀ ਸਾਲ ਬਿਤਾਏ ਸਨ। 7 ਮਈ 2025 ਤੋਂ ਲਾਂਘੇ ਦੀਆਂ ਸੇਵਾਵਾਂ ਬੰਦ ਹੋਣ ਕਾਰਨ ਸਿੱਖ ਸ਼ਰਧਾਲੂ ਇਸ ਰਸਤੇ ਰਾਹੀਂ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨ ਨਹੀਂ ਕਰ ਸਕ ਰਹੇ ਹਨ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
ਤੁਸੀਂ ਆਪਣੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space available for Ad
Contact #
+1 (209) 303-1260

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
• ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
• ਪਹਿਲਾਂ ਨਾਲੋਂ ਬਹੁਤੇ ਵਿੱਤੀ ਮਦਦ ਮਿਲਦੀ ਹੈ।
• ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
• ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।
Inderjeet Singh Mann
CA Lic# 0H82488
ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਰੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।
Anthem
Certified Insurance Agent
Ph.: (916) 900-2000

Certified INSURANCE AGENT
COVERED CALIFORNIA
Free Confidential Help
Call : Gurcharan Singh Mann
Medicare
Licensed Insurance Agent
CA Lic # 0C70672
CALL TO ENROL
510-557-0061

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

JRP REALTY GROUP

A TRADITION OF REAL ESTATE EXCELLENCE

SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

Gas Stations, Apartments, Commercial Buildings, Liquor stores and Land

CALL TODAY TO BUY/SELL YOUR REAL ESTATE/ BUSINESS



Jaswant S.Pannu
Office: 209-900-1994
Cell: 408-340-0157
jaswantpannu@yahoo.com



Raman Singh
Cell: 209-605-6500
Office: 209-213-5811
BRE #10889002

We do commercial loans for businesses, gas stations, lands and commercial properties

We provide the best in class evaluation for your real estate/business to maximize the profits for you



For more properties or business, contact us.



LOVEPREET KAUR
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

LENDINGASSETS
Elevating Your Mortgage Experience

Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

Refinance @2.75% APR or lower



Apply online at www.lendingassets.com and check out the live lowest rates on our website

ONLY WAY TO GROW YOUR BUSINESS FASTER

BNG

(Business Network Gateway)

We work for you to

Boost Your Business

VIDEO ADVERTISEMENTS

We make professional video advertisements for your business in Punjabi, Hindi & English



POSTERS DESIGN

We design flyers, Posters and
Post Cards to promote your business



BUSINESS CARD DESIGN

WE DESIGN YOUR
BUSINESS CARD



SOCIAL MEDIA HANDLERS

We can manage your Business social media handlers Facebook, instagram & YouTube



24/7 TECH SUPPORT

We provide 24/7 tech support



For more information call

Boota Singh Basi +1 (209) 303-1260

www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

ਸੋਚ ਦੇ ਪੰਨੇ

ਭਾਰਤੀ ਸੰਵਿਧਾਨ ਦਿਵਸ: ਲੋਕਤੰਤਰ, ਸਮਾਨਤਾ ਅਤੇ ਨਿਆਂ ਦੇ ਸੰਕਲਪ ਨੂੰ ਸਮਰਪਿਤ ਦਿਨ

26 ਨਵੰਬਰ- ਉਹ ਇਤਿਹਾਸਕ ਦਿਨ ਜਿਸ ਨੇ ਭਾਰਤ ਦੇ ਹਰ ਨਾਗਰਿਕ ਨੂੰ ਅਧਿਕਾਰਾਂ, ਆਜ਼ਾਦੀ ਅਤੇ ਸਨਮਾਨ ਨਾਲ ਜਿਊਣ ਦਾ ਰਾਹ ਦਿਖਾਇਆ।

ਭਾਰਤ ਦਾ ਇਤਿਹਾਸ ਸਿਰਫ਼ ਰਾਜਿਆਂ, ਮਹਾਰਾਜਿਆਂ, ਜੰਗਾਂ, ਕੁਰਬਾਨੀਆਂ ਅਤੇ ਆਜ਼ਾਦੀ ਦੀ ਲੜਾਈ ਦਾ ਇਤਿਹਾਸ ਹੀ ਨਹੀਂ, ਸਗੋਂ ਇਹ ਵਿਚਾਰਾਂ, ਆਦਰਸ਼ਾਂ, ਸਮਾਜਿਕ ਤਬਦੀਲੀਆਂ ਅਤੇ ਮਨੁੱਖੀ ਅਧਿਕਾਰਾਂ ਦੀ ਲੰਮੀ ਯਾਤਰਾ ਦਾ ਇਤਿਹਾਸ ਵੀ ਹੈ। ਇਸ ਯਾਤਰਾ ਵਿੱਚ 26 ਨਵੰਬਰ ਦਾ ਦਿਨ ਬਹੁਤ ਹੀ ਮਹੱਤਵਪੂਰਨ ਸਥਾਨ ਰੱਖਦਾ ਹੈ। ਇਹ ਦਿਨ ਭਾਰਤੀ ਸੰਵਿਧਾਨ ਦਿਵਸ ਜਾਂ 'ਸੰਵਿਧਾਨ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਇਹ ਉਹ ਇਤਿਹਾਸਕ ਦਿਨ ਹੈ ਜਦੋਂ 26 ਨਵੰਬਰ 1949 ਨੂੰ ਭਾਰਤ ਦੀ ਸੰਵਿਧਾਨ ਸਭਾ ਨੇ ਆਜ਼ਾਦ ਭਾਰਤ ਦੇ ਸੰਵਿਧਾਨ ਨੂੰ ਅਪਣਾਇਆ ਸੀ। ਬਾਅਦ ਵਿੱਚ 26 ਜਨਵਰੀ 1950 ਨੂੰ ਇਹ ਸੰਵਿਧਾਨ ਪੂਰੀ ਤਰ੍ਹਾਂ ਲਾਗੂ ਹੋਇਆ ਅਤੇ ਭਾਰਤ ਇੱਕ ਪ੍ਰਭੂਸੱਤਾ ਸੰਪੰਨ ਲੋਕਤੰਤਰੀ ਗਣਰਾਜ ਬਣਿਆ।

ਸੰਵਿਧਾਨ ਦਿਵਸ ਮਨਾਉਣ ਦਾ ਮਕਸਦ ਕੇਵਲ ਇੱਕ ਇਤਿਹਾਸਕ ਘਟਨਾ ਨੂੰ ਯਾਦ ਕਰਨਾ ਨਹੀਂ, ਸਗੋਂ ਉਨ੍ਹਾਂ ਮਹਾਨ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਹੈ, ਜਿਨ੍ਹਾਂ ਉੱਤੇ ਆਧੁਨਿਕ ਭਾਰਤ ਦੀ ਨੀਂਹ ਰੱਖੀ ਗਈ ਸੀ।

ਸੰਵਿਧਾਨ ਦੀ ਸਿਰਜਣਾ- ਇੱਕ ਮਹਾਨ ਇਤਿਹਾਸਕ ਯਤਨ

15 ਅਗਸਤ 1947 ਨੂੰ ਭਾਰਤ ਅੰਗਰੇਜ਼ੀ ਹਕੂਮਤ ਤੋਂ ਆਜ਼ਾਦ ਹੋਇਆ। ਆਜ਼ਾਦੀ ਮਿਲਣ ਦੇ ਨਾਲ ਹੀ ਦੇਸ਼ ਸਾਹਮਣੇ ਇੱਕ ਵੱਡੀ ਚੁਣੌਤੀ ਸੀ ਕਿ ਵੱਖ-ਵੱਖ ਧਰਮਾਂ, ਭਾਸ਼ਾਵਾਂ, ਜਾਤਾਂ, ਸੱਭਿਆਚਾਰਾਂ ਅਤੇ ਖੇਤਰੀ ਵਿਭਿੰਨਤਾਵਾਂ ਵਾਲੇ ਵਿਸ਼ਾਲ ਦੇਸ਼ ਨੂੰ ਕਿਸ ਤਰ੍ਹਾਂ ਇੱਕ ਮਜ਼ਬੂਤ ਲੋਕਤੰਤਰੀ ਪ੍ਰਣਾਲੀ ਵਿੱਚ ਜੋੜਿਆ ਜਾਵੇ।

ਇਸ ਮਕਸਦ ਲਈ ਸੰਵਿਧਾਨ ਸਭਾ ਦਾ ਗਠਨ ਕੀਤਾ ਗਿਆ। 29 ਅਗਸਤ 1947 ਨੂੰ ਡਾ. ਭੀਮ ਰਾਓ ਅੰਬੇਡਕਰ ਦੀ ਅਗਵਾਈ ਹੇਠ ਸੰਵਿਧਾਨ ਦੀ ਖਰੜਾ ਕਮੇਟੀ ਬਣਾਈ ਗਈ। ਸੰਵਿਧਾਨ ਤਿਆਰ ਕਰਨ ਦੀ ਇਹ ਪ੍ਰਕਿਰਿਆ ਲਗਭਗ ਦੋ ਸਾਲ, ਗਿਆਰਾਂ ਮਹੀਨੇ ਅਤੇ ਸਤਾਰਾਂ ਦਿਨ ਚੱਲੀ। ਇਸ ਦੌਰਾਨ ਸੰਵਿਧਾਨ ਸਭਾ ਦੀਆਂ ਗਿਆਰਾਂ ਬੈਠਕਾਂ ਹੋਈਆਂ ਅਤੇ ਵੱਖ-ਵੱਖ ਧਾਰਾਵਾਂ ਉੱਤੇ ਡੂੰਘੀਆਂ ਵਿਚਾਰ-ਚਰਚਾਵਾਂ ਕੀਤੀਆਂ ਗਈਆਂ।

ਇਹ ਕੋਈ ਆਮ ਦਸਤਾਵੇਜ਼ ਤਿਆਰ ਕਰਨ ਦਾ ਕੰਮ ਨਹੀਂ ਸੀ। ਇਸ ਵਿੱਚ ਦੇਸ਼ ਦੇ ਭਵਿੱਖ, ਆਉਣ ਵਾਲੀਆਂ ਪੀੜ੍ਹੀਆਂ ਦੇ ਅਧਿਕਾਰਾਂ, ਨਾਗਰਿਕਾਂ ਦੀ ਆਜ਼ਾਦੀ ਅਤੇ ਰਾਜ ਦੀਆਂ ਜ਼ਿੰਮੇਵਾਰੀਆਂ ਬਾਰੇ ਵਿਸਥਾਰ ਨਾਲ ਵਿਚਾਰ ਕੀਤਾ ਗਿਆ।

26 ਨਵੰਬਰ 1949 ਨੂੰ ਸੰਵਿਧਾਨ ਸਭਾ ਨੇ ਸੰਵਿਧਾਨ ਨੂੰ ਅਪਣਾਇਆ ਅਤੇ 24 ਜਨਵਰੀ 1950 ਨੂੰ ਇਸ ਉੱਤੇ ਮੈਂਬਰਾਂ ਨੇ ਦਸਤਖ਼ਤ ਕੀਤੇ। 26 ਜਨਵਰੀ 1950 ਨੂੰ ਇਹ ਲਾਗੂ ਹੋਇਆ।

ਡਾ. ਬੀ. ਆਰ. ਅੰਬੇਡਕਰ- ਭਾਰਤੀ ਸੰਵਿਧਾਨ ਦੇ ਮਹਾਨ ਸ਼ਿਲਪਕਾਰ

ਜਦੋਂ ਵੀ ਭਾਰਤੀ ਸੰਵਿਧਾਨ ਦੀ ਗੱਲ ਹੁੰਦੀ ਹੈ ਤਾਂ ਡਾ. ਭੀਮ ਰਾਓ ਅੰਬੇਡਕਰ ਦਾ ਨਾਮ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ। ਉਹ ਸੰਵਿਧਾਨ ਦੀ ਖਰੜਾ ਕਮੇਟੀ ਦੇ ਚੇਅਰਮੈਨ ਸਨ। ਉਨ੍ਹਾਂ ਦੀ ਵਿਦਵਤਾ, ਕਾਨੂੰਨੀ ਸਮਝ, ਸਮਾਜਿਕ ਚੇਤਨਾ ਅਤੇ ਦੂਰਅੰਦੇਸ਼ੀ ਨੇ ਸੰਵਿਧਾਨ ਦੀ ਰਚਨਾ ਵਿੱਚ ਅਹਿਮ ਭੂਮਿਕਾ ਨਿਭਾਈ।

ਡਾ. ਅੰਬੇਡਕਰ ਨੇ ਆਪਣਾ ਜੀਵਨ ਸਮਾਜਿਕ ਅਸਮਾਨਤਾ, ਜਾਤੀਵਾਦ, ਛੂਤ-ਛਾਤ ਅਤੇ ਭੇਦਭਾਵ ਵਿਰੁੱਧ ਸੰਘਰਸ਼ ਕਰਦਿਆਂ ਬਿਤਾਇਆ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਕਿਸੇ ਵੀ ਦੇਸ਼ ਦੀ ਅਸਲ ਤਰੱਕੀ ਉਸ ਸਮੇਂ ਸੰਭਵ ਹੈ ਜਦੋਂ ਉਸ ਦੇ ਹਰ ਨਾਗਰਿਕ ਨੂੰ ਬਰਾਬਰ ਦੇ ਮੌਕੇ, ਸਨਮਾਨ ਅਤੇ ਅਧਿਕਾਰ ਮਿਲਣ।

ਉਨ੍ਹਾਂ ਨੇ ਸੰਵਿਧਾਨ ਰਾਹੀਂ ਅਜਿਹੀ ਵਿਵਸਥਾ ਸਥਾਪਿਤ ਕਰਨ ਦਾ ਯਤਨ ਕੀਤਾ ਜਿਸ ਵਿੱਚ ਕਿਸੇ ਵਿਅਕਤੀ ਨਾਲ ਉਸ ਦੀ ਜਾਤ, ਧਰਮ, ਲਿੰਗ, ਭਾਸ਼ਾ ਜਾਂ ਸਮਾਜਿਕ ਪਿਛੋਕੜ ਦੇ ਆਧਾਰ ਉੱਤੇ ਵਿਤਕਰਾ ਨਾ ਹੋਵੇ।

ਪਰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਭਾਰਤੀ ਸੰਵਿਧਾਨ ਕਿਸੇ ਇੱਕ ਵਿਅਕਤੀ ਦੀ ਰਚਨਾ ਨਹੀਂ ਸੀ। ਇਹ ਸੰਵਿਧਾਨ ਸਭਾ ਦੇ ਅਨੇਕਾਂ ਵਿਦਵਾਨਾਂ, ਕਾਨੂੰਨਦਾਨਾਂ, ਸਮਾਜ ਸੁਧਾਰਕਾਂ ਅਤੇ ਮਹਿਲਾ ਮੈਂਬਰਾਂ ਦੇ ਸਾਂਝੇ ਯਤਨਾਂ ਦਾ ਨਤੀਜਾ ਸੀ। ਡਾ. ਰਾਜੇਂਦਰ ਪ੍ਰਸਾਦ ਦੀ ਅਗਵਾਈ ਹੇਠ ਸੰਵਿਧਾਨ ਸਭਾ ਨੇ ਇਸ ਇਤਿਹਾਸਕ ਕਾਰਜ ਨੂੰ ਸੰਪੂਰਨ ਕੀਤਾ।

ਸੰਵਿਧਾਨ ਦੀ ਪ੍ਰਸਤਾਵਨਾ- ਭਾਰਤੀ ਲੋਕਤੰਤਰ ਦੀ ਆਤਮਾ

ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਇਸ ਦਾ ਸਭ ਤੋਂ ਮਹੱਤਵਪੂਰਨ ਅਤੇ ਪ੍ਰੇਰਨਾਦਾਇਕ ਹਿੱਸਾ ਹੈ। ਇਸ ਦੀ ਸ਼ੁਰੂਆਤ ਇਨ੍ਹਾਂ ਸ਼ਬਦਾਂ ਨਾਲ ਹੁੰਦੀ ਹੈ:

"ਅਸੀਂ, ਭਾਰਤ ਦੇ ਲੋਕ..."

ਇਹ ਸ਼ਬਦ ਆਪਣੇ ਆਪ ਵਿੱਚ ਬਹੁਤ ਡੂੰਘਾ ਅਰਥ ਰੱਖਦੇ ਹਨ। ਇਨ੍ਹਾਂ ਦਾ ਮਤਲਬ ਹੈ ਕਿ ਭਾਰਤ ਦੀ ਅਸਲ ਤਾਕਤ ਕਿਸੇ ਰਾਜੇ, ਕਿਸੇ ਹਾਕਮ ਜਾਂ ਕਿਸੇ ਇੱਕ ਸੰਸਥਾ ਵਿੱਚ ਨਹੀਂ, ਸਗੋਂ ਭਾਰਤ ਦੇ ਲੋਕਾਂ ਵਿੱਚ ਵੱਸਦੀ ਹੈ।



ਪ੍ਰਸਤਾਵਨਾ ਵਿੱਚ ਭਾਰਤ ਨੂੰ ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮਨਿਰਪੱਖ, ਲੋਕਤੰਤਰੀ ਗਣਰਾਜ ਬਣਾਉਣ ਦਾ ਸੰਕਲਪ ਪ੍ਰਗਟ ਕੀਤਾ ਗਿਆ ਹੈ। ਇਸ ਦੇ ਨਾਲ ਹੀ ਹਰ ਨਾਗਰਿਕ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ; ਵਿਚਾਰਾਂ, ਪ੍ਰਗਟਾਵੇ, ਵਿਸ਼ਵਾਸ, ਧਰਮ ਅਤੇ ਉਪਾਸਨਾ ਦੀ ਆਜ਼ਾਦੀ; ਦਰਜੇ ਅਤੇ ਮੌਕੇ ਦੀ ਸਮਾਨਤਾ ਦੇਣ ਅਤੇ ਵਿਅਕਤੀ ਦੀ ਮਰਿਆਦਾ ਤੇ ਰਾਸ਼ਟਰ ਦੀ ਏਕਤਾ ਨੂੰ ਮਜ਼ਬੂਤ ਕਰਨ ਵਾਲੀ ਭਾਈਚਾਰਕ ਭਾਵਨਾ ਪੈਦਾ ਕਰਨ ਦਾ ਵਾਅਦਾ ਕੀਤਾ ਗਿਆ ਹੈ।

ਇਹ ਸ਼ਬਦ ਸਿਰਫ਼ ਕਾਗਜ਼ ਉੱਤੇ ਲਿਖੇ ਵਾਕ ਨਹੀਂ ਹਨ। ਇਹ ਇੱਕ ਅਜਿਹੇ ਭਾਰਤ ਦਾ ਸੁਪਨਾ ਹਨ ਜਿੱਥੇ ਹਰ ਮਨੁੱਖ ਨੂੰ ਇਨਸਾਨ ਸਮਝਿਆ ਜਾਵੇ, ਹਰ ਨਾਗਰਿਕ ਦੀ ਆਵਾਜ਼ ਦੀ ਕਦਰ ਹੋਵੇ ਅਤੇ ਕਿਸੇ ਨਾਲ ਵੀ ਅਨਿਆਂ ਨਾ ਹੋਵੇ।

ਮੌਲਿਕ ਅਧਿਕਾਰ- ਹਰ ਨਾਗਰਿਕ ਦੀ ਢਾਲ

ਭਾਰਤੀ ਸੰਵਿਧਾਨ ਆਪਣੇ ਨਾਗਰਿਕਾਂ ਨੂੰ ਮੌਲਿਕ ਅਧਿਕਾਰ ਪ੍ਰਦਾਨ ਕਰਦਾ ਹੈ। ਇਹ ਅਧਿਕਾਰ ਲੋਕਤੰਤਰ ਦੀ ਮਜ਼ਬੂਤੀ ਅਤੇ ਵਿਅਕਤੀ ਦੀ ਆਜ਼ਾਦੀ ਲਈ ਬਹੁਤ ਜ਼ਰੂਰੀ ਹਨ।

ਇਨ੍ਹਾਂ ਵਿੱਚ ਸਮਾਨਤਾ ਦਾ ਅਧਿਕਾਰ, ਆਜ਼ਾਦੀ ਦਾ ਅਧਿਕਾਰ, ਸ਼ੋਸ਼ਣ ਵਿਰੁੱਧ ਅਧਿਕਾਰ, ਧਾਰਮਿਕ ਆਜ਼ਾਦੀ ਦਾ ਅਧਿਕਾਰ, ਸੱਭਿਆਚਾਰਕ ਅਤੇ ਵਿੱਦਿਅਕ ਅਧਿਕਾਰ ਅਤੇ ਸੰਵਿਧਾਨਕ ਇਲਾਜਾਂ ਦਾ ਅਧਿਕਾਰ ਸ਼ਾਮਲ ਹਨ।

ਇਹ ਅਧਿਕਾਰ ਹਰ ਨਾਗਰਿਕ ਨੂੰ ਇਹ ਭਰੋਸਾ ਦਿੰਦੇ ਹਨ ਕਿ ਉਸ ਨਾਲ ਕਾਨੂੰਨ ਦੀ ਨਜ਼ਰ ਵਿੱਚ ਬਰਾਬਰ ਦਾ ਵਿਹਾਰ ਹੋਵੇਗਾ। ਕੋਈ ਵੀ ਵਿਅਕਤੀ ਜਾਂ ਸੰਸਥਾ ਕਾਨੂੰਨ ਤੋਂ ਉੱਪਰ ਨਹੀਂ ਹੈ।

ਸੰਵਿਧਾਨ ਦਾ ਆਰਟੀਕਲ 14 ਕਾਨੂੰਨ ਅੱਗੇ ਸਮਾਨਤਾ ਦੀ ਗਾਰੰਟੀ ਦਿੰਦਾ ਹੈ। ਆਰਟੀਕਲ 15 ਕੁਝ ਨਿਰਧਾਰਤ ਆਧਾਰਾਂ ਉੱਤੇ ਭੇਦਭਾਵ ਨੂੰ ਰੋਕਦਾ ਹੈ। ਆਰਟੀਕਲ 17 ਛੂਤ-ਛਾਤ ਨੂੰ ਖ਼ਤਮ ਕਰਦਾ ਹੈ। ਆਰਟੀਕਲ 19 ਨਾਗਰਿਕਾਂ ਨੂੰ ਨਿਰਧਾਰਤ ਆਜ਼ਾਦੀਆਂ ਪ੍ਰਦਾਨ ਕਰਦਾ ਹੈ ਅਤੇ ਆਰਟੀਕਲ 21 ਜੀਵਨ ਅਤੇ ਨਿੱਜੀ ਆਜ਼ਾਦੀ ਦੀ ਰੱਖਿਆ ਕਰਦਾ ਹੈ।

ਇਨ੍ਹਾਂ ਅਧਿਕਾਰਾਂ ਦੀ ਮਹੱਤਤਾ ਉਸ ਸਮੇਂ ਹੋਰ ਵੀ ਵਧ ਜਾਂਦੀ ਹੈ ਜਦੋਂ ਸਮਾਜ ਵਿੱਚ ਕਿਸੇ ਕਮਜ਼ੋਰ, ਗਰੀਬ ਜਾਂ ਵਾਂਝੇ ਵਰਗ ਨਾਲ ਅਨਿਆਂ ਹੁੰਦਾ ਹੈ। ਸੰਵਿਧਾਨ ਉਸ ਨੂੰ ਨਿਆਂ ਪ੍ਰਾਪਤ ਕਰਨ ਦਾ ਕਾਨੂੰਨੀ ਰਾਹ ਦਿਖਾਉਂਦਾ ਹੈ।

ਮੌਲਿਕ ਫ਼ਰਜ਼- ਅਧਿਕਾਰਾਂ ਦੇ ਨਾਲ ਜ਼ਿੰਮੇਵਾਰੀਆਂ ਵੀ

ਕਿਸੇ ਵੀ ਲੋਕਤੰਤਰੀ ਦੇਸ਼ ਦੀ ਮਜ਼ਬੂਤੀ ਸਿਰਫ਼ ਨਾਗਰਿਕਾਂ ਨੂੰ ਅਧਿਕਾਰ ਦੇਣ ਨਾਲ ਨਹੀਂ ਹੁੰਦੀ। ਇਸ ਲਈ ਨਾਗਰਿਕਾਂ ਦਾ ਆਪਣੇ ਫ਼ਰਜ਼ਾਂ ਪ੍ਰਤੀ ਜਾਗਰੂਕ ਹੋਣਾ ਵੀ ਬਹੁਤ ਜ਼ਰੂਰੀ ਹੈ।

ਭਾਰਤੀ ਸੰਵਿਧਾਨ ਦੇ ਭਾਗ ਚਾਰ-ਏ ਵਿੱਚ ਧਾਰਾ 51-ਏ ਅਧੀਨ ਮੌਲਿਕ ਫ਼ਰਜ਼ ਦਰਜ ਹਨ। ਇਹ ਫ਼ਰਜ਼ 42ਵੀਂ ਸੰਵਿਧਾਨਕ ਸੋਧ ਰਾਹੀਂ 1976 ਵਿੱਚ ਸ਼ਾਮਲ ਕੀਤੇ ਗਏ ਸਨ। ਬਾਅਦ ਵਿੱਚ 86ਵੀਂ ਸੋਧ ਰਾਹੀਂ ਬੱਚਿਆਂ ਦੀ ਸਿੱਖਿਆ ਨਾਲ ਸਬੰਧਤ ਇੱਕ ਹੋਰ ਫ਼ਰਜ਼ ਜੋੜਿਆ ਗਿਆ।

ਇਨ੍ਹਾਂ ਫ਼ਰਜ਼ਾਂ ਵਿੱਚ ਸੰਵਿਧਾਨ, ਰਾਸ਼ਟਰੀ ਝੰਡੇ ਅਤੇ ਰਾਸ਼ਟਰੀ ਗਾਨ ਦਾ ਸਤਿਕਾਰ ਕਰਨਾ, ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰੱਖਿਆ ਕਰਨਾ, ਦੇਸ਼ ਦੀ ਸੇਵਾ ਕਰਨਾ, ਭਾਈਚਾਰਕ ਸਾਂਝ ਵਧਾਉਣਾ, ਔਰਤਾਂ ਦੀ ਮਰਿਆਦਾ ਦਾ ਸਤਿਕਾਰ ਕਰਨਾ, ਕੁਦਰਤੀ ਵਾਤਾਵਰਣ ਦੀ ਰੱਖਿਆ ਕਰਨਾ, ਵਿਗਿਆਨਕ ਸੋਚ ਅਤੇ ਮਨੁੱਖਤਾਵਾਦੀ ਦ੍ਰਿਸ਼ਟੀਕੋਣ ਵਿਕਸਿਤ ਕਰਨਾ ਅਤੇ ਸਰਕਾਰੀ ਸੰਪਤੀ ਦੀ ਰੱਖਿਆ ਕਰਨਾ ਸ਼ਾਮਲ ਹੈ।

ਇਸ ਦਾ ਸਪੱਸ਼ਟ ਅਰਥ ਹੈ ਕਿ ਅਸੀਂ ਸਰਕਾਰ ਤੋਂ ਆਪਣੇ ਅਧਿਕਾਰਾਂ ਦੀ ਮੰਗ ਤਾਂ ਕਰੀਏ, ਪਰ ਆਪਣੇ ਫ਼ਰਜ਼ਾਂ ਨੂੰ ਵੀ ਨਾ ਭੁੱਲੀਏ। ਸੜਕਾਂ ਨੂੰ ਸਾਫ਼ ਰੱਖਣਾ, ਜਨਤਕ ਸੰਪਤੀ ਨੂੰ ਨੁਕਸਾਨ ਨਾ ਪਹੁੰਚਾਉਣਾ, ਕਾਨੂੰਨ ਦੀ ਪਾਲਣਾ ਕਰਨਾ ਅਤੇ ਦੂਜਿਆਂ ਦੇ ਅਧਿਕਾਰਾਂ ਦਾ ਸਤਿਕਾਰ ਕਰਨਾ ਵੀ ਇੱਕ ਜਾਗਰੂਕ ਨਾਗਰਿਕ ਦੀ ਪਛਾਣ ਹੈ।

ਭਾਰਤੀ ਸੰਵਿਧਾਨ- ਵਿਭਿੰਨਤਾ ਵਿੱਚ ਏਕਤਾ ਦਾ ਪ੍ਰਤੀਕ

ਭਾਰਤ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ਾਂ ਵਿੱਚੋਂ ਇੱਕ ਹੈ। ਇੱਥੇ ਸੈਂਕੜੇ ਭਾਸ਼ਾਵਾਂ ਅਤੇ ਬੋਲੀਆਂ, ਅਨੇਕਾਂ ਧਰਮ, ਵੱਖ-ਵੱਖ ਸੱਭਿਆਚਾਰ ਅਤੇ ਵੱਖਰੀਆਂ ਜੀਵਨ-ਸ਼ੈਲੀਆਂ ਦੇ ਲੋਕ ਵੱਸਦੇ ਹਨ।

ਇੰਨੀ ਵੱਡੀ ਵਿਭਿੰਨਤਾ ਵਾਲੇ ਦੇਸ਼ ਨੂੰ ਇੱਕ ਸੰਵਿਧਾਨਕ ਪ੍ਰਣਾਲੀ ਵਿੱਚ ਜੋੜ ਕੇ ਰੱਖਣਾ ਆਪਣੇ ਆਪ ਵਿੱਚ ਇੱਕ ਵੱਡੀ ਪ੍ਰਾਪਤੀ ਹੈ।

ਸੰਵਿਧਾਨ ਹਰ ਨਾਗਰਿਕ ਨੂੰ ਆਪਣੇ ਧਰਮ ਦੀ ਪਾਲਣਾ ਕਰਨ, ਆਪਣੀ ਭਾਸ਼ਾ ਬੋਲਣ ਅਤੇ ਆਪਣੀ ਸੱਭਿਆਚਾਰਕ ਪਛਾਣ ਨੂੰ ਕਾਇਮ ਰੱਖਣ ਦਾ ਅਧਿਕਾਰ ਦਿੰਦਾ ਹੈ। ਇਸ ਦੇ ਨਾਲ ਹੀ ਇਹ ਸਾਰੇ ਨਾਗਰਿਕਾਂ ਨੂੰ ਇੱਕ ਰਾਸ਼ਟਰ ਦੇ ਸਾਂਝੇ ਧਾਗੇ ਵਿੱਚ ਜੋੜਦਾ ਹੈ।

ਇਸੇ ਲਈ ਭਾਰਤੀ ਸੰਵਿਧਾਨ ਸਿਰਫ਼ ਕਾਨੂੰਨੀ ਦਸਤਾਵੇਜ਼ ਨਹੀਂ, ਸਗੋਂ ਰਾਸ਼ਟਰੀ ਏਕਤਾ ਅਤੇ ਸਮਾਜਿਕ ਸਾਂਝ ਦਾ ਆਧਾਰ ਵੀ ਹੈ।

ਲੋਕਤੰਤਰ ਦੀ ਸਫ਼ਲਤਾ- ਸਾਡੀ ਸਾਂਝੀ ਜ਼ਿੰਮੇਵਾਰੀ

ਲੋਕਤੰਤਰ ਦਾ ਅਰਥ ਸਿਰਫ਼ ਹਰ ਪੰਜ ਸਾਲ ਬਾਅਦ ਵੋਟ ਪਾਉਣਾ ਨਹੀਂ ਹੈ। ਲੋਕਤੰਤਰ ਦਾ ਅਸਲ ਅਰਥ ਹੈ ਕਿ ਹਰ ਨਾਗਰਿਕ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੋਵੇ, ਸਰਕਾਰ ਤੋਂ ਸਵਾਲ ਪੁੱਛਣ ਦੀ ਆਜ਼ਾਦੀ ਹੋਵੇ ਅਤੇ ਦੇਸ਼ ਦੇ ਫ਼ੈਸਲਿਆਂ ਵਿੱਚ ਉਸ ਦੀ ਭਾਗੀਦਾਰੀ ਹੋਵੇ।

ਸੰਵਿਧਾਨ ਨੇ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਦੇ ਰੂਪ ਵਿੱਚ ਸ਼ਾਸਨ ਦੀਆਂ ਵੱਖ-ਵੱਖ ਸੰਸਥਾਵਾਂ ਦੀ ਭੂਮਿਕਾ ਨਿਰਧਾਰਤ ਕੀਤੀ ਹੈ। ਇਨ੍ਹਾਂ ਸੰਸਥਾਵਾਂ ਵਿਚਕਾਰ ਸੰਤੁਲਨ ਅਤੇ ਜਵਾਬਦੇਹੀ ਲੋਕਤੰਤਰ ਨੂੰ ਮਜ਼ਬੂਤ ਬਣਾਉਂਦੇ ਹਨ।

ਪਰ ਜੇਕਰ ਨਾਗਰਿਕ ਆਪਣੇ ਅਧਿਕਾਰਾਂ ਤੋਂ ਅਣਜਾਣ ਰਹਿਣ, ਵੋਟ ਦੀ ਮਹੱਤਤਾ ਨਾ ਸਮਝਣ, ਜਾਤੀ ਅਤੇ ਧਰਮ ਦੇ ਨਾਂ ਉੱਤੇ ਵੰਡੇ ਜਾਣ ਜਾਂ ਭ੍ਰਿਸ਼ਟਾਚਾਰ ਅਤੇ ਅਨਿਆਂ ਵਿਰੁੱਧ ਆਵਾਜ਼ ਨਾ ਉਠਾਉਣ ਤਾਂ ਲੋਕਤੰਤਰ ਦੀ ਆਤਮਾ ਕਮਜ਼ੋਰ ਹੋ ਸਕਦੀ ਹੈ।

ਸੰਵਿਧਾਨ ਸਾਨੂੰ ਇਹ ਸਿੱਖਿਆ ਦਿੰਦਾ ਹੈ ਕਿ ਅਸਹਿਮਤੀ ਲੋਕਤੰਤਰ ਦਾ ਹਿੱਸਾ ਹੈ, ਪਰ ਅਸਹਿਣਸ਼ੀਲਤਾ ਲੋਕਤੰਤਰ ਦੀ ਦੁਸ਼ਮਣ ਹੈ। ਸਾਨੂੰ ਵਿਚਾਰਾਂ ਦੇ ਮਤਭੇਦਾਂ ਦੇ ਬਾਵਜੂਦ ਇੱਕ-ਦੂਜੇ ਦਾ ਸਤਿਕਾਰ ਕਰਨਾ ਸਿੱਖਣਾ ਚਾਹੀਦਾ ਹੈ।

ਅਧਿਆਪਕਾਂ ਅਤੇ ਨੌਜਵਾਨ ਪੀੜ੍ਹੀ ਦੀ ਭੂਮਿਕਾ

ਸੰਵਿਧਾਨ ਦੀ ਸਹੀ ਸਮਝ ਪੈਦਾ ਕਰਨ ਵਿੱਚ ਸਿੱਖਿਆ ਸੰਸਥਾਵਾਂ ਅਤੇ ਅਧਿਆਪਕਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਸਕੂਲਾਂ ਅਤੇ ਕਾਲਜਾਂ ਵਿੱਚ ਸੰਵਿਧਾਨ ਬਾਰੇ ਸਿਰਫ਼ ਪਾਠ ਪੜ੍ਹਾਉਣਾ ਹੀ ਕਾਫ਼ੀ ਨਹੀਂ, ਸਗੋਂ ਵਿਦਿਆਰਥੀਆਂ ਦੇ ਮਨਾਂ ਵਿੱਚ ਸਮਾਨਤਾ, ਸਹਿਣਸ਼ੀਲਤਾ, ਮਨੁੱਖਤਾ, ਭਾਈਚਾਰੇ ਅਤੇ ਨਿਆਂ ਦੀ ਭਾਵਨਾ ਪੈਦਾ ਕਰਨੀ ਵੀ ਜ਼ਰੂਰੀ ਹੈ।

ਨੌਜਵਾਨ ਪੀੜ੍ਹੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਆਜ਼ਾਦੀ ਦੇ ਨਾਲ ਜ਼ਿੰਮੇਵਾਰੀ ਵੀ ਆਉਂਦੀ ਹੈ। ਸੋਸ਼ਲ ਮੀਡੀਆ ਉੱਤੇ

ਇਸ ਦੀਵਾਲੀ ਮਿਠਾਸ ਤੇ
ਖੁਸ਼ੀਆਂ ਦਾ ਸੁਆਦ ਮਾਣੋ!

STAR INDIA
SWEETS & CATERING
By Ashok Verma

ਦੀਵਾਲੀ ਦੀਆਂ ਖ਼ਾਸ ਮਿਠਾਈਆਂ ਤੇ ਪਕਵਾਨ:
ਦੇਸੀ ਘਿਓ ਦੀਆਂ ਜਲੇਬੀਆਂ, ਸੁਆਦਿਸ਼ਟ ਮਠਿਆਈਆਂ ਤੇ
ਦੀਵਾਲੀ ਦੇ ਖ਼ਾਸ ਪਕਵਾਨ ਅਤੇ ਹੋਰ ਵੀ ਬਹੁਤ ਕੁਝ!





CATERING SERVICES
ਵਿਆਹਾਂ • ਪਾਰਟੀਆਂ • ਹਰ ਤਰ੍ਹਾਂ ਦੇ ਸਮਾਗਮਾਂ ਲਈ
100 ਤੋਂ 2000 ਮਹਿਮਾਨਾਂ ਤੱਕ ਖਾਣੇ ਦਾ ਸ਼ਾਨਦਾਰ ਪ੍ਰਬੰਧ!

CONTACT US
209-629-8511 | 209-858-1380
Cell: 209-681-5171
www.starindiacatering.com

OUR ADDRESS
209 E. Louise Avenue,
Lathrop, California 95330, USA.

STAR INDIA
ਹਰ ਖੁਸ਼ੀ ਦਾ ਸੁਆਦ, ਹਰ ਮੌਕੇ ਦੀ ਸ਼ਾਨ

ਸ੍ਰੀ ਨਨਕਾਣਾ ਸਾਹਿਬ ਵਿਖੇ 557ਵਾਂ ਪ੍ਰਕਾਸ਼ ਗੁਰਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ

ਸ਼੍ਰੀ ਨਨਕਾਣਾ ਸਾਹਿਬ
ਸਾਂਝੀ ਸੋਚ ਬਿਊਰੋ

ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 557ਵਾਂ ਪ੍ਰਕਾਸ਼ ਗੁਰਪੁਰਬ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਜਿਸ ਵਿੱਚ ਵਿਸ਼ਵ ਪੱਧਰ ਤੋਂ ਲੱਖਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਅੱਜ ਸ੍ਰੀ ਨਨਕਾਣਾ ਸਾਹਿਬ ਵਿਖੇ ਪ੍ਰਕਾਸ਼ ਗੁਰਪੁਰਬ ਦੇ ਸਬੰਧ ਵਿੱਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਭਾਰਤ ਤੋਂ ਪਾਕਿਸਤਾਨ ਸਿੱਖ ਜਥੇ ਨਾਲ ਪੁੱਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਵੇਰ ਵੇਲੇ ਕਰਵਾਏ ਗਏ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਜਿਸ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮੀਆਂ ਮੁਹੰਮਦ ਸ਼ਹਿਬਾਜ਼ ਸ਼ਰੀਫ ਦੇ ਪੁੱਤਰ ਤੇ ਲਹਿੰਦੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮੀਆਂ ਹਮਜ਼ਾ ਸ਼ਹਿਬਾਜ਼ ਸ਼ਰੀਫ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਸੰਗਤ ਤੇ ਪੁੱਜੇ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਮੂਹ ਸਿੱਖਾਂ, ਗੁਰੂ ਨਾਨਕ ਨਾਮ ਲੇਵਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ ਤੇ ਪੁੱਜੀਆਂ ਸ਼ਖ਼ਸੀਅਤਾਂ ਦਾ ਸੁਆਗਤ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਇਤਿਹਾਸ ਪੂਰਾ ਨਹੀਂ ਹੁੰਦਾ ਜੇਕਰ ਅਸੀਂ ਭਾਈ ਮਰਦਾਨਾ ਜੀ ਦਾ ਜ਼ਿਕਰ ਨਾ ਕਰੀਏ। ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਨੇ ਸੰਸਾਰ ਅੰਦਰ ਸਾਰੇ ਵਿਤਕਰਿਆਂ ਨੂੰ ਦੂਰ ਕੀਤਾ ਤੇ ਮਨੁੱਖਤਾ ਵਿਚਕਾਰ ਬਰਾਬਰੀ ਦੀ ਗੱਲ ਕੀਤੀ।

ਜਦੋਂ ਅਮਰੀਕਾ (ਯੂਐੱਸਏ) ਬਣਿਆ ਤਾਂ ਉਨ੍ਹਾਂ ਦੇ ਐਲਾਨਨਾਮੇ ਵਿੱਚ ਲਿਖਿਆ ਹੈ ਕਿ ਸਭ ਮਨੁੱਖ ਜਨਮ ਤੋਂ ਬਰਾਬਰ ਹਨ, ਜਦੋਂ ਕਿ ਗੁਰਬਾਣੀ ਅੰਦਰ ਗੁਰੂ ਸਾਹਿਬਾਨ ਨੇ ਇਹ ਸਿਧਾਂਤ ਕਈ ਸਦੀਆਂ ਪਹਿਲਾਂ ਹੀ ਦਰਜ ਕਰ ਦਿੱਤਾ ਸੀ। ਗੁਰਬਾਣੀ ਵਿੱਚ ਦਰਜ ਹੈ ਕਿ ਸਭ ਤੋਂ ਪਹਿਲਾਂ ਖ਼ੁਦਾ ਦਾ ਨੂਰ ਹੀ ਹੈ ਜਿਸ ਨੇ ਜਗਤ ਪੈਦਾ ਕੀਤਾ ਹੈ, ਇਹ ਸਾਰੇ ਜੀਅ-ਜੰਤ ਰੱਬ ਦੀ ਕੁਦਰਤ ਦੇ ਹੀ ਬਣਾਏ ਹੋਏ ਹਨ ਅਤੇ ਇਕ ਪ੍ਰਭੂ ਦੀ ਹੀ ਜੋਤ ਤੋਂ ਸਾਰਾ ਜਗਤ ਪੈਦਾ ਹੋਇਆ ਹੈ। ਸਿੱਖੀ ਅਨੁਸਾਰ ਸਭ ਬਰਾਬਰ ਹਨ। ਅਕਬਰ ਬਾਦਸ਼ਾਹ ਵੀ ਸ੍ਰੀ ਗੋਇੰਦਵਾਲ ਸਾਹਿਬ ਆ ਕੇ ਪੰਗਤ ਵਿੱਚ ਬੈਠਾ ਸੀ।



ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਅੱਜ ਦੁਨੀਆ ਸ਼ੀਤ ਯੁੱਧ ਵਿੱਚ ਚੱਲ ਰਹੀ ਹੈ, ਉੱਥੇ ਖੜ੍ਹੀ ਹੈ ਜਿੱਥੇ ਕਦੇ ਵੀ ਜੰਗ ਹੋ ਸਕਦਾ। ਜੇਕਰ ਹੁਣ ਵਿਸ਼ਵ ਯੁੱਧ ਲੱਗਦਾ ਹੈ ਤਾਂ ਇਹ ਮਨੁੱਖਤਾ ਲਈ ਬਹੁਤ ਭਿਆਨਕ ਹੋਵੇਗਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਇਹੋ ਜਿਹੇ ਮੌਕੇ ਤੇ ਸਮੁੱਚੇ ਸੰਸਾਰ ਨੂੰ ਪਿਆਰ ਮੁਹੱਬਤ ਦਾ ਸੰਦੇਸ਼ ਦੇ ਕੇ ਨਫ਼ਰਤ ਨੂੰ ਖਤਮ ਕਰਨ ਦੀ ਗੱਲ ਕਰਦੀ ਹੈ। ਸਾਰੇ ਸੰਸਾਰ ਵਿੱਚ ਸ਼ਾਂਤੀ ਹੋਵੇ ਭਾਵੇਂ ਇਜ਼ਰਾਈਲ ਹੈ ਜਾਂ ਕੋਈ ਵੀ ਹੋਰ ਥਾਂ ਹੋਵੇ, ਉੱਥੇ ਅਮਨ ਸ਼ਾਂਤੀ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 20 ਰੁਪਏ ਦਾ ਲੰਗਰ ਅੱਜ ਵੀ ਵਰਤ ਰਿਹਾ ਹੈ, ਦੁਨੀਆ ਵਿੱਚ ਕਿਤੇ ਵੀ ਜਦੋਂ ਕੋਈ ਸਮੱਸਿਆ, ਬਿਪਤਾ ਆਉਂਦੀ ਹੈ ਤਾਂ ਸਿੱਖ ਉੱਥੇ ਜਾ ਕੇ ਨਾਲ ਖੜ੍ਹਦੇ ਹਨ, ਅਨੇਕਾਂ ਪ੍ਰਕਾਰ ਦੀਆਂ ਸੇਵਾਵਾਂ ਕਰਦੇ ਹਨ।

ਜਥੇਦਾਰ ਗੜਗੱਜ ਨੇ ਕਿਹਾ ਕਿ ਸ੍ਰੀ ਨਨਕਾਣਾ ਸਾਹਿਬ ਸਿੱਖਾਂ ਲਈ ਬਹੁਤ ਹੀ ਮੁਕੱਦਸ ਅਸਥਾਨ ਹੈ, ਜਿਸ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ ਕਰੋੜਾਂ ਸਿੱਖ ਰੋਜ਼ਾਨਾ ਅਰਦਾਸਾਂ ਕਰਦੇ ਹਨ। ਸਿੱਖ ਸ੍ਰੀ ਨਨਕਾਣਾ ਤੋਂ ਬਿਨਾਂ ਜੀਵਤ ਨਹੀਂ ਰਹਿ ਸਕਦੇ, ਇਹ ਸਾਡੀ ਭਾਵਨਾ ਹੈ ਕਿ ਅਸੀਂ ਇੱਥੇ ਖੁੱਲ੍ਹੇ ਵਿਚਰੀਏ।

ਉਨ੍ਹਾਂ ਕਿਹਾ ਕਿ ਭਾਰਤ ਅੰਦਰ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੀ ਗੱਲ ਚੰਗੇ ਪੱਧਰ ਉੱਤੇ ਚੱਲ ਰਹੀ ਹੈ ਅਤੇ ਆਸ ਪ੍ਰਗਟਾਈ ਕਿ ਭਾਰਤ ਸਰਕਾਰ ਜਲਦੀ ਹੀ ਲਾਂਘਾ ਜ਼ਰੂਰ ਖੋਲ੍ਹੇਗੀ। ਉਨ੍ਹਾਂ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਕਿ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਜਲਦ ਖੁੱਲ੍ਹੇ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਨਾਲੋਂ ਇਸ ਸਾਲ ਸ੍ਰੀ ਨਨਕਾਣਾ ਸਾਹਿਬ ਸ਼ਹਿਰ ਦੇ ਬਜ਼ਾਰਾਂ ਦੀ ਹਾਲਤ ਬਹੁਤ ਸੁਧਰੀ ਹੈ, ਲਹਿੰਦੇ ਪੰਜਾਬ ਅੰਦਰ ਕਈ ਗੁਰਦੁਆਰਾ ਸਾਹਿਬਾਨ ਮੁੜ ਖੁੱਲ੍ਹ ਰਹੇ ਹਨ, ਸੇਵਾ ਸੰਭਾਲ ਦੇ ਕਾਰਜ ਚੱਲ ਰਹੇ ਹਨ। ਇਸ ਲਈ ਉਨ੍ਹਾਂ ਪਾਕਿਸਤਾਨ ਸਰਕਾਰ ਤੇ ਲਹਿੰਦੇ ਪੰਜਾਬ ਦੀ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸ. ਰਮੇਸ਼ ਸਿੰਘ ਅਰੋੜਾ ਨੂੰ ਮੰਤਰੀ ਬਣਾ ਕੇ ਜੋ ਪਾਕਿਸਤਾਨ ਸਰਕਾਰ ਵੱਲੋਂ ਸਿੱਖਾਂ ਨੂੰ ਨੁਮਾਇੰਦਗੀ ਦਿੱਤੀ ਗਈ ਹੈ ਇਹ ਸਿੱਖਾਂ ਲਈ ਮਾਣ ਵਾਲੀ ਗੱਲ ਹੈ। ਇਸ ਦੌਰਾਨ ਜਥੇਦਾਰ ਗੜਗੱਜ ਨੇ ਇੱਕ ਵਾਰ ਫਿਰ ਜ਼ੋਰ ਦੇ ਕੇ ਸਿੱਖਾਂ ਦੇ ਇਤਿਹਾਸ ਨਾਲ ਸਬੰਧਤ ਲਾਹੌਰ ਦਿਵਾਨਖ਼ਾਨੇ ਨੂੰ ਸਰਕਾਰ ਵੱਲੋਂ ਕੀਤੇ ਗਏ ਐਲਾਨ ਅਨੁਸਾਰ ਖੋਲ੍ਹਣ ਦੀ ਗੱਲ ਆਖੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮੁਲਤਾਨ ਵਿੱਚ ਵੀ ਗਏ ਹਨ, ਉੱਥੇ ਵੀ ਨਿਸ਼ਾਨੀਆਂ ਮੌਜੂਦ ਹਨ ਅਤੇ ਆਸ ਪ੍ਰਗਟਾਈ ਕਿ ਉੱਥੇ ਵੀ ਗੁਰੂ ਘਰ ਦੇ ਕਾਰਜ ਜ਼ਰੂਰ ਹੋਣਗੇ। ਉਨ੍ਹਾਂ ਕਿਹਾ ਕਿ ਸਿੱਖ ਕਿਸੇ ਦੇ ਵੀ ਦੁਸ਼ਮਣ ਨਹੀਂ ਹੈ ਤੇ ਨਾਲ ਹੀ ਸਿੱਖ ਕਿਸੇ ਦਾ ਭੈਅ ਮੰਨਦੇ ਹਨ। ਸਿੱਖ ਅੱਜ ਕਮਜ਼ੋਰ ਨਹੀਂ ਦੁਨੀਆ ਵਿੱਚ ਤਕੜਾ ਹੈ। ਉਨ੍ਹਾਂ ਕਿਹਾ ਕਿ ਸਾਡੀਆਂ ਆਪਸੀ ਭਾਈਚਾਰਕ ਸਾਂਝਾਂ ਕਦੇ ਵੀ ਨਹੀਂ ਮੁੱਕਣੀਆਂ। ਉਨ੍ਹਾਂ ਸਮੂਹ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਪਾਕਿਸਤਾਨ ਵਾਲੇ ਪਾਸੇ ਗੁਰਧਾਮਾਂ ਦੇ ਦਰਸ਼ਨਾਂ ਲਈ ਜ਼ਰੂਰ ਆਉਣ ਅਤੇ ਆਪਣੀਆਂ ਨਵੀਆਂ ਪੀੜ੍ਹੀਆਂ ਨੂੰ ਵੀ ਜ਼ਰੂਰ ਇਨ੍ਹਾਂ ਗੁਰਧਾਮਾਂ ਦੇ ਦਰਸ਼ਨ ਕਰਵਾਉਣ। ਇਸ ਦੌਰਾਨ ਪਾਕਿਸਤਾਨ ਸੂਬਾ ਮੰਤਰੀ ਖੇਲ ਦਾਸ ਖੋਹੀਸਤਾਨ, ਲਹਿੰਦੇ ਪੰਜਾਬ ਵਿੱਚ ਘੱਟਗਿਣਤੀ ਮੰਤਰੀ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ, ਓਕਾਫ਼ ਬੋਰਡ ਦੇ ਚੇਅਰਮੈਨ ਕਮਰ ਉਜ਼ ਜਮਾਨ, ਓਕਾਫ਼ ਬੋਰਡ ਦੇ ਸਕੱਤਰ ਨਾਸਿਰ ਮੁਸਤਾਕ, ਨਨਕਾਣਾ ਸਾਹਿਬ ਤੋਂ ਐੱਮਪੀਏ ਸ਼ਿਜਰਾ ਮਨਸਬ ਅਲੀ ਖਰਾਲ ਤੇ ਆਗ਼ਾ ਅਲੀ ਹੈਦਰ ਆਦਿ ਨੇ ਵੀ ਇਸ ਸਮਾਗਮ ਵਿੱਚ ਸ਼ਮੂਲੀਅਤ ਕੀਤੀ।

ਅਮਰੀਕਾ ਵੱਲੋਂ ਭਾਰਤ ਤੇ ਚੀਨ ਸਮੇਤ 16 ਦੇਸ਼ਾਂ 'ਤੇ ਮੁੜ ਟੈਰਿਫ ਵਧਾਉਣ ਦੀ ਤਿਆਰੀ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਵੱਲੋਂ ਭਾਰਤ, ਚੀਨ ਸਮੇਤ 16 ਦੇਸ਼ਾਂ ਤੋਂ ਦਰਾਮਦ ਕੀਤੇ ਜਾਣ ਵਾਲੇ ਸਾਮਾਨ 'ਤੇ ਨਵੇਂ ਸਿਰੇ ਤੋਂ ਵਾਧੂ ਟੈਰਿਫ ਲਗਾਇਆ ਜਾ ਸਕਦਾ ਹੈ। ਅਮਰੀਕੀ ਪ੍ਰਸ਼ਾਸਨ ਦਾ ਦੋਸ਼ ਹੈ ਕਿ ਇਹ ਦੇਸ਼ ਸਰਕਾਰੀ ਸਹਾਇਤਾ ਦੇ ਸਹਾਰੇ ਲੋੜ ਤੋਂ ਵੱਧ ਉਤਪਾਦਨ ਕਰ ਰਹੇ ਹਨ ਅਤੇ ਆਪਣੇ ਉਤਪਾਦ ਘੱਟ ਕੀਮਤਾਂ 'ਤੇ ਅਮਰੀਕੀ ਬਾਜ਼ਾਰ ਵਿੱਚ ਵੇਚ ਰਹੇ ਹਨ। ਇਸ ਕਾਰਨ ਉੱਥੋਂ ਦੀਆਂ ਘਰੇਲੂ ਕੰਪਨੀਆਂ ਨੂੰ ਮੁਕਾਬਲੇ ਵਿੱਚ ਨੁਕਸਾਨ ਝੱਲਣਾ ਪੈ ਰਿਹਾ ਹੈ। ਅਮਰੀਕੀ ਅਖ਼ਬਾਰ ਵਾਲ ਸਟ੍ਰੀਟ ਜਰਨਲ ਦੀ ਰਿਪੋਰਟ ਮੁਤਾਬਕ, ਅਮਰੀਕੀ ਵਪਾਰ ਪ੍ਰਤੀਨਿਧੀ ਜੇਮਿਸਨ ਗ੍ਰੀਰ ਇਸ ਹਫ਼ਤੇ ਜਾਂਚ ਦੇ ਨਤੀਜੇ ਜਨਤਕ ਕਰ ਸਕਦੇ ਹਨ। ਇਹ ਜਾਂਚ 11 ਮਾਰਚ ਤੋਂ 1974 ਦੇ ਅਮਰੀਕੀ ਵਪਾਰ ਕਾਨੂੰਨ ਤਹਿਤ ਚੱਲ ਰਹੀ ਹੈ। ਜਾਂਚ ਰਿਪੋਰਟ ਦੇ ਆਧਾਰ 'ਤੇ ਅਮਰੀਕਾ ਸਬੰਧਤ ਦੇਸ਼ਾਂ ਦੇ ਸਾਮਾਨ 'ਤੇ ਵਾਧੂ ਟੈਰਿਫ ਲਗਾਉਣ ਦਾ ਫੈਸਲਾ ਕਰ ਸਕਦਾ ਹੈ। ਹਾਲਾਂਕਿ, ਸੰਭਾਵਿਤ ਟੈਰਿਫ ਦੀਆਂ ਨਵੀਆਂ ਦਰਾਂ ਬਾਰੇ ਅਜੇ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ। ਜ਼ਿਕਰਯੋਗ ਹੈ ਕਿ ਅਮਰੀਕਾ ਨੇ ਇਸੇ ਸਾਲ ਫਰਵਰੀ ਵਿੱਚ ਟੈਰਿਫ ਦੀ ਦਰ 50 ਫੀਸਦੀ ਤੋਂ ਘਟਾ ਕੇ 18 ਫੀਸਦੀ ਕਰ ਦਿੱਤੀ ਸੀ। ਇਸ ਤੋਂ ਇਲਾਵਾ ਰੂਸ ਤੋਂ ਤੇਲ ਦੀ ਦਰਾਮਦ ਨੂੰ ਲੈ ਕੇ ਸਜ਼ਾ ਵਜੋਂ ਲਗਾਇਆ ਗਿਆ 25 ਫੀਸਦੀ ਟੈਰਿਫ ਵੀ ਵਾਪਸ ਲੈਣ ਦਾ ਫੈਸਲਾ ਕੀਤਾ ਸੀ।



ਪੰਜਾਬ ਦੇ ਨੌਜਵਾਨ ਨੇ ਕੈਨੇਡਾ 'ਚ ਵਧਾਇਆ ਮਾਣ ਟੋਰਾਂਟੋ ਪੁਲਿਸ 'ਚ ਹੋਇਆ ਭਰਤੀ



ਟੋਰਾਂਟੋ
ਸਾਂਝੀ ਸੋਚ ਬਿਊਰੋ

ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਅਰਨੀਵਾਲਾ ਦੇ ਸੇਖੋਂ ਪਰਿਵਾਰ ਦਾ ਨੌਜਵਾਨ ਗੁਰਪ੍ਰੀਤ ਸਿੰਘ ਕੈਨੇਡਾ ਦੀ ਟੋਰਾਂਟੋ ਪੁਲਿਸ ਭਰਤੀ ਹੋਇਆ ਹੈ। ਗੁਰਪ੍ਰੀਤ ਸਿੰਘ ਦੀ ਨਿਯੁਕਤੀ ਕਾਂਸਟੇਬਲ ਵਜੋਂ ਹੋਈ ਹੈ। ਲੋੜੀਂਦੀ ਸਿਖਲਾਈ ਪੂਰੀ ਕਰਨ ਅਤੇ ਪਾਸਿੰਗ ਆਊਟ ਪਰੇਡ ਤੋਂ ਬਾਅਦ ਗੁਰਪ੍ਰੀਤ ਨੇ ਆਪਣੀ ਡਿਊਟੀ ਵੀ ਸ਼ੁਰੂ ਕਰ ਦਿੱਤੀ ਹੈ। ਉਸ ਦੀ ਇਸ ਸਫਲਤਾ ਨਾਲ ਪਿੰਡ ਅਤੇ ਇਲਾਕੇ ਵਿੱਚ ਖੁਸ਼ੀ ਦਾ ਮਾਹੌਲ ਹੈ।

ਗੁਰਪ੍ਰੀਤ ਸਿੰਘ, ਡਾ. ਬਲਵੀਰ ਸਿੰਘ ਸੇਖੋਂ ਦਾ ਪੋਤਾ ਹੈ। ਖ਼ਾਸ ਗੱਲ ਇਹ ਹੈ ਕਿ ਸੇਖੋਂ ਪਰਿਵਾਰ ਦੀ ਚੌਥੀ ਪੀੜ੍ਹੀ ਸੁਰੱਖਿਆ ਬਲਾਂ ਵਿੱਚ ਸੇਵਾਵਾਂ ਨਿਭਾ ਰਹੀ ਹੈ।

ਉਸ ਦੇ ਪਿਤਾ ਹਰਬੰਸ ਸਿੰਘ ਪੰਜਾਬ ਪੁਲਿਸ ਵਿੱਚ ਸਬ-ਇੰਸਪੈਕਟਰ ਵਜੋਂ ਤਾਇਨਾਤ ਹਨ, ਜਦਕਿ ਦਾਦਾ ਵੀ ਪੰਜਾਬ ਪੁਲਿਸ ਵਿੱਚੋਂ ਸੇਵਾਮੁਕਤ ਹੋ ਚੁੱਕੇ ਹਨ।

ਪਰਿਵਾਰ ਦੇ 10 ਤੋਂ ਵੱਧ ਮੈਂਬਰ ਭਾਰਤੀ ਫੌਜ ਅਤੇ ਪੁਲਿਸ ਵਿੱਚ ਸੇਵਾਵਾਂ ਦੇ ਚੁੱਕੇ ਹਨ ਜਾਂ ਮੌਜੂਦਾ ਸਮੇਂ ਵਿੱਚ ਡਿਊਟੀ ਨਿਭਾ ਰਹੇ ਹਨ।

ਗੁਰਪ੍ਰੀਤ ਦੀ ਟੋਰਾਂਟੋ ਪੁਲਿਸ ਵਿੱਚ ਚੋਣ ਦੀ ਖ਼ਬਰ ਮਿਲਦਿਆਂ ਹੀ ਅਰਨੀਵਾਲਾ ਸਥਿਤ ਘਰ ਵਿੱਚ ਜਸ਼ਨ ਸ਼ੁਰੂ ਹੋ ਗਿਆ। ਪਰਿਵਾਰਕ ਮੈਂਬਰਾਂ ਨੇ ਲੱਡੂ ਵੰਡੇ ਅਤੇ ਢੋਲ ਦੀਆਂ ਤਾਲਾਂ 'ਤੇ ਭੰਗੜਾ ਪਾ ਕੇ ਆਪਣੀ ਖੁਸ਼ੀ ਸਾਂਝੀ ਕੀਤੀ।

Space available for Ad
Contact # +1 (209) 303-1260
Contact # +91 81463-20009

ਰੱਬਾ ਇੰਨ੍ਹੇ ਜੋਗਾ ਕਰਦੇ ਕਿ ਲੋਕ ਕਹਿਣ ਇੰਨ੍ਹੇ ਜੋਗਾ ਕਿੱਥੇ ਸੀ...

ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ
ਯਾਦਗਾਰੀ ਅਸਥਾਨ ਸੰਤ ਬਾਬਾ ਠਾਕੁਰ ਸਿੰਘ ਜੀ

2050 W. WOODWARD AVE MANTECA CA 95337
ਫੋਨ ਨੰਬਰ: 209-321-1733, 408-221-2511



ਸਲਾਨਾ ਨਗਰ ਕੀਰਤਨ

ਨਵੰਬਰ 29, 2026 ਐਤਵਾਰ

ਸਾਧ ਸੰਗਤ ਜੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਾਹਿਬ ਜੀ ਦੇ ਅਵਤਾਰ ਗੁਰਪੁਰਬ ਦੀ ਖੁਸ਼ੀ ਵਿੱਚ ਸਲਾਨਾ ਨਗਰ ਕੀਰਤਨ 29, ਨਵੰਬਰ ਨੂੰ ਸਜਾਇਆ ਜਾਵੇਗਾ ਜੀ।

ਵਿਸ਼ੇਸ਼ ਦੀਵਾਨ

20 ਨਵੰਬਰ ਦਿਨ ਸ਼ੁਕਰਵਾਰ ਤੋਂ 29 ਨਵੰਬਰ ਦਿਨ ਐਤਵਾਰ ਤੱਕ ਵਿਸ਼ੇਸ਼ ਦੀਵਾਨ ਹੋਣਗੇ ਜੀ ,



ਭਾਈ ਜੱਥਾ ਭਾਈ ਤਰਸ਼ੇਮ ਸਿੰਘ ਜੀ
ਮੋਰੇਵਾਲੀ



ਰਾਗੀ ਜੱਥਾ ਭਾਈ ਜਸਪ੍ਰੀਤ ਸਿੰਘ ਭਾਈ ਮਨਪ੍ਰੀਤ ਸਿੰਘ ਜੀ
ਫਤਹਿਗੜ੍ਹ ਸਾਹਿਬ ਵਾਲੇ



ਕਵੀਸ਼ਰੀ ਜੱਥਾ ਭਾਈ ਸਰਵਣ ਸਿੰਘ ਜੀ

ਨੋਟ: ਅੰਮ੍ਰਿਤ ਸੰਚਾਰ ਅਤੇ ਨਿਸ਼ਾਨ ਸਾਹਿਬ ਦੀ ਸੇਵਾ 21, ਨਵੰਬਰ ਦਿਨ ਸ਼ਨੀਵਾਰ ਸਵੇਰੇ 9:00 ਤੋਂ 12:00 ਵਜੇ ਹੋਵੇਗੀ।

ਹੋਰ ਜਾਣਕਾਰੀ ਲਈ ਕਾਲ ਕਰੋ ਜੀ-
ਸੇਕਟਰੀ ਭਾਈ ਸਾਹਿਬ ਸਿੰਘ ਜੀ 408-221-2511

web -www.globaldrugtestinginc@gmail.com email -info@globaltruckpermits.com

ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ

GLOBAL TRUCK PERMITS

ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ

ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ

New Company Permits
IRP Plates
Trailer Plates
Truck ELD
DOT Drug Testing



DOT Drug Testing | Compliance Services | Driver Hiring

Driver Files | Safety Audit | Clearing House | Driver Management





“ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ”

ਰਾਜਿੰਦਰ ਟਾਂਡਾ

ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988

Address: 159 Darcy Pkwy Lathrop, CA 95330

RED CHILLI INDIAN

FOOD TRUCK

ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE

VEG | NON -VEG ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ

BOOK US FOR


WEDDINGS


BIRTHDAY PARTIES


CORPORATE EVENTS


BACKYARD PARTIES

RED CHILLI INDIAN

FOOD TRUCK

ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ





RED CHILLI INDIAN FOOD TRUCK

ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ

DELIVERY Available



Call TO Order : (209) 216-8169

A Kaur 2340 Lander Ave Turlock, CA 95280

ਪਿਊਰਟੋ ਰੀਕੋ ਦੀ ਜੈਨੀਫਰ ਬੈਰੇਟੋ ਬਣੀ ਮਿਸ ਯੂਨੀਵਰਸ-2026
3,150 ਹੀਰਿਆਂ ਨਾਲ ਜੜਿਆ ਵਿਸ਼ੇਸ਼ ਤਾਜ ਜੇਤੂ ਦੇ ਸਿਰ ਸਜਿਆ

ਸੈਨ ਜੁਆਨ
ਸਾਂਝੀ ਸੋਚ ਬਿਊਰੋ



75ਵੇਂ ਮਿਸ ਯੂਨੀਵਰਸ ਮੁਕਾਬਲੇ ਦਾ ਆਯੋਜਨ ਪਿਊਰਟੋ ਰੀਕੋ ਦੀ ਰਾਜਧਾਨੀ ਸੈਨ ਜੁਆਨ ਵਿੱਚ ਕੀਤਾ ਗਿਆ, ਜਿੱਥੇ ਮੇਜ਼ਬਾਨ ਦੇਸ਼ ਦੀ ਜੈਨੀਫਰ ਬੈਰੇਟੋ ਨੇ ਮਿਸ ਯੂਨੀਵਰਸ-2026 ਦਾ ਖ਼ਿਤਾਬ ਆਪਣੇ ਨਾਮ ਕਰ ਲਿਆ।

ਡੋਮਿਨਿਕਨ ਰਿਪਬਲਿਕ ਦੀ ਮੇਲਿਸਾ ਨੁਨੇਜ਼ ਪਹਿਲੀ ਰਨਰ-ਅੱਪ ਰਹੀ, ਜਦਕਿ ਵੈਨੇਜ਼ੁਏਲਾ ਦੀ ਕਲਾਰਾ ਵੇਗਾਸ ਗੋਏਟਜ਼ ਨੇ ਦੂਜਾ ਅਤੇ ਫਿਲੀਪੀਨਜ਼ ਦੀ ਬੀ ਮਿਲਾਨ-ਵਿੰਡੋਰਸਕੀ ਨੇ ਤੀਜਾ ਰਨਰ-ਅੱਪ ਸਥਾਨ ਹਾਸਲ ਕੀਤਾ।

ਇਸ ਵਾਰ ਭਾਰਤ ਵੱਲੋਂ ਕੇਰਲ ਦੀ 19 ਸਾਲਾ ਕਾਜ਼ੀਆ ਲਿਜ ਮੇਜੋ ਨੇ ਮੁਕਾਬਲੇ ਵਿੱਚ ਸ਼ਮੂਲੀਅਤ ਕੀਤੀ। ਦੁਨੀਆ ਦੇ 116 ਦੇਸ਼ਾਂ ਅਤੇ ਖੇਤਰਾਂ ਦੀਆਂ ਪ੍ਰਤੀਯੋਗੀਆਂ ਵਿਚਾਲੇ ਹੋਏ ਮੁਕਾਬਲੇ ਵਿੱਚ ਕਾਜ਼ੀਆ ਟਾਪ-30 ਤੱਕ ਪਹੁੰਚਣ ਵਿੱਚ ਕਾਮਯਾਬ ਰਹੀ, ਪਰ ਟਾਪ-12 ਵਿੱਚ ਆਪਣੀ ਜਗ੍ਹਾ ਨਹੀਂ ਬਣਾ ਸਕੀ।

ਇਸ ਸਾਲ ਜੇਤੂ ਲਈ ਖ਼ਾਸ ਡਾਇਮੰਡ ਕ੍ਰਾਊਨ ਤਿਆਰ ਕੀਤਾ ਗਿਆ ਸੀ, ਜਿਸ ਵਿੱਚ 3,150 ਹੀਰੇ ਜੜੇ ਹੋਏ ਹਨ। ਮੁਕਾਬਲੇ ਦੀ 75ਵੀਂ ਵਰ੍ਹੇਗੰਢ ਨੂੰ ਸਮਰਪਿਤ ਇਹ ਤਾਜ 18 ਕੈਰੇਟ ਵ੍ਹਾਈਟ ਗੋਲਡ ਨਾਲ ਬਣਾਇਆ ਗਿਆ ਹੈ।

ਮਿਸਰ 'ਚ ਵਾਪਰਿਆ ਭਿਆਨਕ ਹਾਦਸਾ, 31 ਲੋਕਾਂ ਦੀ ਮੌਤ

ਕਾਹਿਰਾ
ਸਾਂਝੀ ਸੋਚ ਬਿਊਰੋ



ਬੁੱਧਵਾਰ ਰਾਤ ਨੂੰ ਮਿਸਰ ਦੀ ਰਾਜਧਾਨੀ ਕਾਹਿਰਾ ਦੇ ਨੇੜੇ ਇੱਕ ਹਾਈਵੇਅ 'ਤੇ ਪਲਟਣ ਤੋਂ ਬਾਅਦ ਇੱਕ ਤੇਲ ਟੈਂਕਰ ਨੂੰ ਅੱਗ ਲੱਗ ਗਈ। ਇਸ ਹਾਦਸੇ ਤੋਂ ਵੱਧ ਦੋ ਦਰਜਨ ਤੋਂ ਵੱਧ ਕਾਰਾਂ ਅਤੇ ਮੋਟਰਸਾਈਕਲ ਅੱਗ ਦੀ ਲਪੇਟ ਵਿੱਚ ਆ ਗਏ। ਮਿਸਰ ਦੇ ਸਿਹਤ ਮੰਤਰਾਲੇ ਦੇ ਅਨੁਸਾਰ, ਹਾਦਸੇ ਵਿੱਚ 31 ਲੋਕ ਮਾਰੇ ਗਏ ਅਤੇ 21 ਤੋਂ ਵੱਧ ਜ਼ਖਮੀ ਹੋ ਗਏ। ਲੋਕਾਂ ਨੂੰ ਸੜਦੀਆਂ ਕਾਰਾਂ ਵਿੱਚੋਂ ਬਚਾਇਆ ਗਿਆ।

ਮੀਡੀਆ ਰਿਪੋਰਟਾਂ ਅਨੁਸਾਰ, ਤੇਲ ਨਾਲ ਭਰਿਆ ਟਰੱਕ ਕੰਟਰੋਲ ਗੁਆ ਬੈਠਾ ਅਤੇ ਪਲਟ ਗਿਆ, ਜਿਸ ਕਾਰਨ ਧਮਾਕਾ ਹੋ ਗਿਆ। ਅੱਗ 'ਤੇ ਹੁਣ ਕਾਬੂ ਪਾ ਲਿਆ ਗਿਆ ਹੈ। ਹਾਦਸੇ ਦੀ ਜਾਣਕਾਰੀ ਮਿਲਦੇ ਹੀ ਫਾਇਰਫਾਈਟਰ ਮੌਕੇ 'ਤੇ ਪਹੁੰਚੇ ਅਤੇ ਅੱਗ ਬੁਝਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਮੌਕੇ 'ਤੇ ਮੌਜੂਦ ਸੈਂਕੜੇ ਲੋਕਾਂ ਨੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ। ਇਹ ਹਾਦਸਾ ਕਾਹਿਰਾ ਦੇ ਉਪਨਗਰ ਇਮਬਾਬਾ ਦੇ ਵਾਰਾਕ ਜ਼ਿਲ੍ਹੇ ਵਿੱਚ ਵਾਪਰਿਆ, ਜਿੱਥੇ ਅੱਗ ਤੇਜ਼ੀ ਨਾਲ ਕਈ ਕਾਰਾਂ ਵਿੱਚ ਫੈਲ ਗਈ। ਮਿਸਰ ਦੇ ਰਾਸ਼ਟਰਪਤੀ ਅਬਦੇਲ-ਫਤਾਹ ਅਲ-ਸੀਸੀ ਨੇ ਪੀੜਤਾਂ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ। ਜ਼ਖਮੀਆਂ ਨੂੰ ਜ਼ਰੂਰੀ ਸਪੈਸ਼ਲਾਈਜ਼ਡ, ਇਮਬਾਬਾ ਜਨਰਲ ਅਤੇ ਵਾਰਾਕ ਸੈਂਟਰਲ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ। ਬਚਾਅ ਕਾਰਜ ਲਈ 39 ਐਂਬੂਲੈਂਸਾਂ ਤਾਇਨਾਤ ਕੀਤੀਆਂ ਗਈਆਂ ਸਨ।

ਨਵਾਂ ਬਿੱਲ ਪੁਰਾਣੇ ਡਿਪੋਰਟੇਸ਼ਨ ਹੁਕਮਾਂ ਵਾਲਿਆਂ ਲਈ ਰਾਹਤ ਦਾ ਪ੍ਰਸਤਾਵ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਕੈਲੀਫੋਰਨੀਆ ਦੇ ਚਾਰ ਡੈਮੋਕ੍ਰੇਟਿਕ ਸੰਸਦ ਮੈਂਬਰਾਂ ਨੇ "ਪ੍ਰੋਟੈਕਟ ਆਵਰ ਨੇਬਰਜ਼ ਐਕਟ" ਪੇਸ਼ ਕੀਤਾ ਹੈ। ਇਹ ਬਿੱਲ ਕੁਝ ਲੰਮੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਲੋਕਾਂ ਲਈ ਪੁਰਾਣੇ ਡਿਪੋਰਟੇਸ਼ਨ ਹੁਕਮਾਂ ਤੋਂ ਰਾਹਤ ਅਤੇ ਕਾਨੂੰਨੀ ਦਰਜੇ ਲਈ ਅਰਜ਼ੀ ਦੇਣ ਦਾ ਰਸਤਾ ਬਣਾਉਣ ਦੀ ਤਜਵੀਜ਼ ਰੱਖਦਾ ਹੈ।

ਇਸ ਬਿੱਲ ਪਿੱਛੇ 73 ਸਾਲਾਂ ਦੀ ਹਰਜੀਤ ਕੌਰ ਦਾ ਮਾਮਲਾ ਹੈ। ਰਿਪੋਰਟ ਮੁਤਾਬਕ, ਉਹ ਤੀਹ ਸਾਲ ਤੋਂ ਵੱਧ ਕੈਲੀਫੋਰਨੀਆ ਵਿਚ ਰਹੀ ਅਤੇ ਸਤੰਬਰ 2025 ਵਿਚ ਨਿਯਮਤ ਇਮੀਗ੍ਰੇਸ਼ਨ ਚੈਕ-ਇਨ ਦੌਰਾਨ ਹਿਰਾਸਤ ਵਿਚ ਲੈ ਕੇ ਭਾਰਤ ਭੇਜ ਦਿੱਤੀ ਗਈ। ਉਸ ਦੇ ਪਰਿਵਾਰ ਅਤੇ ਬਿੱਲ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਉਹ ਨਿਯਮਤ ਤੌਰ 'ਤੇ ਅਧਿਕਾਰੀਆਂ ਕੋਲ ਹਾਜ਼ਰ ਹੁੰਦੀ ਸੀ ਅਤੇ ਉਸ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਸੀ।

ਪ੍ਰਸਤਾਵ ਅਨੁਸਾਰ, ਕੁਝ ਅੰਤਿਮ ਡਿਪੋਰਟੇਸ਼ਨ ਹੁਕਮ ਦਸ ਸਾਲ ਬਾਅਦ ਖ਼ਤਮ ਹੋ ਸਕਣਗੇ। ਸਰਕਾਰ ਕਿਸੇ ਹੁਕਮ ਨੂੰ ਨਵਿਆਉਣ ਲਈ ਇਮੀਗ੍ਰੇਸ਼ਨ ਜੱਜ ਕੋਲ ਜਾ ਸਕੇਗੀ, ਪਰ ਇਸ ਲਈ ਖ਼ਾਸ ਸਬੂਤ ਅਤੇ ਜਨਤਕ ਹਿੱਤ ਦਾ ਆਧਾਰ ਦੇਣਾ ਪਵੇਗਾ। ਯੋਗ ਲੋਕਾਂ ਨੂੰ ਗ੍ਰੀਨ ਕਾਰਡ ਜਾਂ ਹੋਰ ਕਾਨੂੰਨੀ ਦਰਜੇ ਲਈ ਅਰਜ਼ੀ ਦੇਣੀ ਪੈ ਸਕਦੀ ਹੈ। ਲਗਾਤਾਰ ਅਮਰੀਕਾ ਵਿਚ ਰਹਿਣਾ, ਅਪਰਾਧਿਕ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਕਰਨਾ ਅਤੇ ਟੈਕਸ ਰਿਕਾਰਡ ਦੇਣਾ ਲੋੜੀਂਦਾ ਹੋ ਸਕਦਾ ਹੈ।

ਅੰਕੜਿਆਂ ਅਨੁਸਾਰ, ਅਜਿਹੇ ਹੁਕਮਾਂ ਵਾਲੇ ਲੋਕਾਂ ਦੀ ਗਿਣਤੀ 11 ਲੱਖ, 90 ਹਜ਼ਾਰ ਤੋਂ 16 ਲੱਖ ਤੱਕ ਦੱਸੀ ਗਈ ਹੈ। ਪਰ ਹਰ ਕੋਈ ਯੋਗ ਨਹੀਂ ਹੋਵੇਗਾ। ਇਹ ਹਾਲੇ ਪ੍ਰਸਤਾਵਿਤ ਬਿੱਲ ਹੈ, ਕਾਨੂੰਨ ਨਹੀਂ; ਇਸ ਲਈ ਕਿਸੇ ਨੂੰ ਆਪਣੇ ਆਪ ਗ੍ਰੀਨ ਕਾਰਡ ਜਾਂ ਡਿਪੋਰਟੇਸ਼ਨ ਤੋਂ ਛੋਟ ਨਹੀਂ ਮਿਲਦੀ।

ਸੈਨੇਟਰ ਪੈਡਿਲਾ ਵੱਲੋਂ ਹਵਾਈ ਅੱਡਿਆਂ 'ਤੇ ਆਈਸ ਕਾਰਵਾਈਆਂ ਸੀਮਤ ਕਰਨ ਲਈ ਬਿੱਲ ਪੇਸ਼

ਕੈਲੀਫੋਰਨੀਆ
ਸਾਂਝੀ ਸੋਚ ਬਿਊਰੋ



ਕੈਲੀਫੋਰਨੀਆ ਦੇ ਸੈਨੇਟਰ ਐਲੈਕਸ ਪੈਡਿਲਾ ਨੇ ਹਵਾਈ ਅੱਡਿਆਂ 'ਤੇ ਇਮੀਗ੍ਰੇਸ਼ਨ ਅਧਿਕਾਰੀਆਂ ਦੀਆਂ ਕਾਰਵਾਈਆਂ ਲਈ ਨਵੀਆਂ ਸੀਮਾਵਾਂ ਲਾਉਣ ਦਾ ਬਿੱਲ ਪੇਸ਼ ਕੀਤਾ ਹੈ। ਇਹ ਪ੍ਰਸਤਾਵ ਸਾਨ ਫਰਾਂਸਿਸਕੋ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਹੋਈਆਂ ਕੁਝ ਗ੍ਰਿਫ਼ਤਾਰੀਆਂ ਤੋਂ ਬਾਅਦ ਆਇਆ ਹੈ, ਜਿਨ੍ਹਾਂ ਦੀਆਂ ਵੀਡੀਓਜ਼ ਆਨਲਾਈਨ ਫੈਲੀਆਂ ਸਨ। ਰਿਪੋਰਟਾਂ ਮੁਤਾਬਕ, ਬਿੱਲ ਵਿਚ ਆਈਸ ਵੱਲੋਂ ਯਾਤਰੀਆਂ ਦੀ ਜਾਣਕਾਰੀ ਹਾਸਲ ਕਰਨ ਅਤੇ ਗੈਰ-ਅਪਰਾਧਿਕ ਇਮੀਗ੍ਰੇਸ਼ਨ ਕਾਰਵਾਈ ਲਈ ਵਰਤਣ 'ਤੇ ਰੋਕਾਂ ਸ਼ਾਮਲ ਹੋ ਸਕਦੀਆਂ ਹਨ। ਇਸ ਵਿਚ ਟੀ.ਐੱਸ.ਏ. ਨਾਲ ਜਾਣਕਾਰੀ ਸਾਂਝੀ ਕਰਨ ਬਾਰੇ ਵੀ ਪਾਬੰਦੀਆਂ ਦਾ ਪ੍ਰਸਤਾਵ ਹੈ, ਜਦੋਂ ਤੱਕ ਕਿਸੇ ਖ਼ਾਸ ਕਾਰਵਾਈ ਲਈ ਵਾਰੰਟ ਨਾ ਹੋਵੇ। ਪ੍ਰਸਤਾਵ ਅਨੁਸਾਰ, ਆਈਸ ਨੂੰ ਕਾਰਵਾਈ ਤੋਂ ਪਹਿਲਾਂ ਹਵਾਈ ਅੱਡੇ ਅਤੇ ਏਅਰਲਾਈਨ ਨੂੰ ਸੂਚਿਤ ਕਰਨਾ ਅਤੇ ਹਿਰਾਸਤ ਵਿਚ ਵਿਅਕਤੀ ਦੀ ਥਾਂ ਬਦਲਣ 'ਤੇ ਡਾਟਾਬੇਸ ਅਪਡੇਟ ਕਰਨਾ ਪੈ ਸਕਦਾ ਹੈ। ਪੈਡਿਲਾ ਦਾ ਕਹਿਣਾ ਹੈ ਕਿ ਹਵਾਈ ਯਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬਿਨਾਂ ਸਪੱਸ਼ਟ ਨਿਯਮਾਂ ਦੇ ਅਚਾਨਕ ਕਾਰਵਾਈ ਦਾ ਸਾਹਮਣਾ ਨਹੀਂ ਕਰਨਾ ਚਾਹੀਦਾ। ਪਰ ਇਹ ਹਾਲੇ ਸਿਰਫ਼ ਬਿੱਲ ਹੈ, ਕਾਨੂੰਨ ਨਹੀਂ। ਇਸ ਨੂੰ ਕਾਂਗਰਸ ਵਿਚ ਚਰਚਾ ਅਤੇ ਵੋਟਿੰਗ ਵਿਚੋਂ ਲੰਘਣਾ ਪਵੇਗਾ।





Where Compassion Meets True

LUXURY

Discover an exclusive living experience designed for seniors living with dementia, schizophrenia, bipolar disorder, and complex mental health needs where clinical excellence meets comfort, dignity, and elegance

Refundable deposit of $500,000 with 8% annual interest

Exclusive Long-Term Luxury Living Opportunity

With only **25 exclusive units** available, we offer limited availability for discerning residents seeking long term luxury care through compassionate support and refined living.

Luxury Living with Expert Care

- 24/7 Highly Trained Care Staff
- On-site Senior Psychologist
- Licensed Registered Nurse (RN)
- Regular visits by a psychiatrist and physician

Healing Garden Therapy

Serene outdoor garden designed for relaxation, featuring walking paths, sitting areas, and peaceful natural surrounding that support emotional well-being

Full-Service Lifestyle Assistance

- We schedule all doctor appointments,
- Staff escort residents to medical appointments,
- Transportation for church, shopping and outings.

Music Therapy

Guided therapeutic sessions using soothing music, drumming, and movement to reduce stress, enhance mood, lift spirits, and increase cognitive well-being

Daily Cost Ranges from $250 to $500 Per Day

depending on the level of care required.

St. Michael Assisted Living

Dinuba, CA

Location: Dinuba, CA

Contact: (925) 285-9881 (559) 915-9045

Website: www.stmichaelrcfe.com



DR. HARMESH KUMAR
PRESIDENT, CEO & PSYCHOLOGIST

JASPREET SINGH
ATTORNEY AT LAW USA



JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA

SACRAMENTO, CA
5855 AUBURN BLVD,
SACRAMENTO, CA 95841
+1-917-915-4142

FREMONT, CA
3155 KEARNEY ST, SUITE
#248, FREMONT, CA 94538
+1-510-657-6444

NEW YORK, NY
108-14 JAMAICA AVENUE,
RICHMOND HILL, NY 11418
+1-718-533-8444

FRESNO, CA
1625 E SHAW AVE #122,
FRESNO, CA 93711
+1-559-271-5511

NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699

LOS ANGELES, CA
1013 N BEGONIA AVE,
ONTARIO, CA 91762
+1-917-915-4142

CONTACT
+1-917-915-4142

Jaspreetsinghlaoffice@gmail.com

WE HAVE THE CHEAPEST FARES TO INDIA

LEGEND TRAVEL



JATINDER SINGH

arc accredited agency

CST # 207524-40

Special Fares To India
From
West-coast (us) On
Air India Direct Flights



LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US **(510) 797-9010**

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates · Cathay Pacific · Asiana Airlines · Jet Airways · China Airlines · British Airways · Singapore Airlines · Lufthansa · ANA

ਨੇਪਾਲ ਅਤੇ ਭਾਰਤ ਨੇ ਸਾਂਝੇ ਫੌਜੀ ਅਭਿਆਸ ‘ਸੂਰਿਆਕਿਰਨ’ ਦੇ 20ਵੇਂ ਸੰਸਕਰਣ ਦੀ ਕੀਤੀ ਸ਼ੁਰੂਆਤ

ਕਾਠਮੰਡੂ
ਸਾਂਝੀ ਸੋਚ ਬਿਊਰੋ

ਨੇਪਾਲੀ ਫੌਜ ਨੇ ਦੱਸਿਆ ਕਿ ਨੇਪਾਲ ਅਤੇ ਭਾਰਤ ਨੇ ਬੁੱਧਵਾਰ ਨੂੰ ਦੱਖਣ-ਪੱਛਮੀ ਨੇਪਾਲ ਦੇ ਰੂਪਨਦੇਹੀ ਜ਼ਿਲ੍ਹੇ ਦੇ ਸਾਲਝਾਂਡੀ ਸਥਿਤ ‘ਨੇਪਾਲੀ ਆਰਮੀ ਬੈਟਲ ਸਕੂਲ’ ਵਿਖੇ ਆਪਣੇ ਸਾਂਝੇ ਫੌਜੀ ਅਭਿਆਸ, ‘ਐਕਸਰਸਾਈਜ਼ ਸੂਰਿਆਕਿਰਨ’ ਦੇ 20ਵੇਂ ਸੰਸਕਰਣ ਦੀ ਸ਼ੁਰੂਆਤ ਕੀਤੀ। ਦੋਵਾਂ ਦੇਸ਼ਾਂ ਦੇ ਬਟਾਲੀਅਨ-ਪੱਧਰ ਦੇ ਜਵਾਨਾਂ ਵਾਲੇ ਇਸ ਅਭਿਆਸ ਦਾ ਉਦਘਾਟਨ ਨੇਪਾਲੀ ਫੌਜ ਦੇ ਮੱਧ-ਪੱਛਮੀ ਡਿਵੀਜ਼ਨ ਹੈੱਡਕੁਆਰਟਰ ਦੇ ਕਮਾਂਡਰ, ਮੇਜਰ ਜਨਰਲ ਪੂਰਨ ਬਹਾਦੁਰ ਖਤਰੀ ਦੁਆਰਾ ਕੀਤਾ ਗਿਆ। ਇਹ ਅਭਿਆਸ 8 ਦਸੰਬਰ ਨੂੰ ਸਮਾਪਤ ਹੋਵੇਗਾ। ਸਾਲ 2011 ਤੋਂ ਨੇਪਾਲ ਅਤੇ ਭਾਰਤ ਵਿੱਚ ਵਾਰੀ-ਵਾਰੀ (ਰੋਟੇਸ਼ਨਲ ਆਧਾਰ ‘ਤੇ) ਹਰ ਸਾਲ ਆਯੋਜਿਤ ਕੀਤੇ ਜਾਣ ਵਾਲੇ ਇਸ ਅਭਿਆਸ ਦਾ ਉਦੇਸ਼ ਫੌਜੀ ਸਹਿਯੋਗ ਨੂੰ ਵਧਾਉਣਾ ਅਤੇ ਦੋਵਾਂ ਫੌਜਾਂ ਵਿਚਕਾਰ ਪੇਸ਼ੇਵਰ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ। ਨੇਪਾਲੀ ਫੌਜ ਨੇ ਬੁੱਧਵਾਰ ਨੂੰ ਇੱਕ ਬਿਆਨ ਵਿੱਚ ਦੱਸਿਆ ਕਿ ਇਸਦਾ 19ਵਾਂ ਸੰਸਕਰਣ ਭਾਰਤ ਦੇ ਪਿਥੌਰਾਗੜ੍ਹ ਵਿੱਚ ਆਯੋਜਿਤ ਕੀਤਾ ਗਿਆ ਸੀ।

ਇਸ ਅਭਿਆਸ ਦੌਰਾਨ, ਦੋਵਾਂ ਦੇਸ਼ਾਂ ਦੇ ਫੌਜੀ ਕਰਮਚਾਰੀ ਸਿਧਾਂਤਕ ਗਿਆਨ, ਵਿਹਾਰਕ ਹੁਨਰ ਅਤੇ ਵਿਸ਼ੇਸ਼ ਤਜ਼ਰਬਿਆਂ ਦਾ ਆਦਾਨ-ਪ੍ਰਦਾਨ ਕਰਨਗੇ। ਇਸ ਵਿੱਚ ਮੁੱਖ ਤੌਰ ‘ਤੇ ਆਫ਼ਤ ਪ੍ਰਬੰਧਨ, ਜੰਗਲੀ ਖੇਤਰਾਂ ਵਿੱਚ ਲੜਾਈ ਅਤੇ ਮਾਨਵਤਾਵਾਦੀ ਸਹਾਇਤਾ ‘ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ।

ਕਾਠਮੰਡੂ ਵਿੱਚ ਭਾਰਤੀ ਦੂਤਾਵਾਸ ਅਨੁਸਾਰ, ਨੇਪਾਲ ਅਤੇ ਭਾਰਤ ਵਿਚਕਾਰ ਰੱਖਿਆ ਅਤੇ ਸੁਰੱਖਿਆ ਦੇ ਲੰਬੇ ਸਮੇਂ ਤੋਂ ਸਬੰਧ ਹਨ। ਇਹ ਸਬੰਧ ਸੰਸਥਾਗਤ ਦੁਵੱਲੇ ਢਾਂਚਿਆਂ, ਉੱਚ-ਪੱਧਰੀ ਦੌਰਿਆਂ, ਫੌਜੀ ਸਿਖਲਾਈ, ਸਾਂਝੇ ਅਭਿਆਸਾਂ ਅਤੇ ਰੱਖਿਆ ਸਾਜ਼ੋ-ਸਾਮਾਨ ਦੀ ਸਪਲਾਈ ਦੁਆਰਾ ਮਜ਼ਬੂਤ ਹੁੰਦੇ ਹਨ।

ਉਨ੍ਹਾਂ ਦੇ ਫੌਜੀ ਸਬੰਧਾਂ ਦੀ ਇੱਕ ਵਿਲੱਖਣ ਵਿਸ਼ੇਸ਼ਤਾ ਇਹ ਹੈ ਕਿ ਦੋਵਾਂ ਦੇਸ਼ ਇੱਕ-ਦੂਜੇ ਦੇ ਫੌਜ ਮੁਖੀਆਂ ਨੂੰ ‘ਜਨਰਲ’ ਦਾ ਆਨਰੇਰੀ (ਸਨਮਾਨਜਨਕ) ਰੈਂਕ ਪ੍ਰਦਾਨ ਕਰਦੇ ਹਨ। ਦੂਤਾਵਾਸ ਨੇ ਦੱਸਿਆ ਕਿ ਇਹ ਸਬੰਧ ਭਾਰਤੀ ਫੌਜ ਵਿੱਚ ਨੇਪਾਲੀ ਗੋਰਖਾ ਸੈਨਿਕਾਂ ਦੀ ਮੌਜੂਦਗੀ ਅਤੇ ਨੇਪਾਲ ਵਿੱਚ ਰਹਿ ਰਹੇ ਭਾਰਤੀ ਫੌਜ ਦੇ 1,00,000 ਤੋਂ ਵੱਧ ਸਾਬਕਾ ਸੈਨਿਕਾਂ ਵਿੱਚ ਵੀ ਝਲਕਦੇ ਹਨ।



ਅਗਸਤ ਵਿੱਚ, ਭਾਰਤੀ ਫੌਜ ਮੁਖੀ ਜਨਰਲ ਧੀਰਾਜ ਸੇਠ ਨੇ ਨੇਪਾਲੀ ਫੌਜ ਮੁਖੀ ਜਨਰਲ ਅਸ਼ੋਕ ਰਾਜ ਸਿਗਦੇਲ ਦੇ ਅਧਿਕਾਰਤ ਸੱਦੇ ‘ਤੇ ਨੇਪਾਲ ਦਾ ਦੌਰਾ ਕੀਤਾ। ਇਸ ਦੌਰੇ ਦੌਰਾਨ, 17 ਅਗਸਤ ਨੂੰ ਨੇਪਾਲ ਦੇ ਰਾਸ਼ਟਰਪਤੀ ਰਾਮ ਚੰਦਰ ਪੌਡੇਲ ਨੇ ਜਨਰਲ ਸੇਠ ਨੂੰ ਨੇਪਾਲੀ ਫੌਜ ਦੇ ‘ਜਨਰਲ’ ਦਾ ਆਨਰੇਰੀ ਰੈਂਕ ਪ੍ਰਦਾਨ ਕੀਤਾ।

ਇੱਕ-ਦੂਜੇ ਦੇ ਫੌਜ ਮੁਖੀਆਂ ਨੂੰ ਆਨਰੇਰੀ ‘ਜਨਰਲ’ ਰੈਂਕ ਦੇਣ ਦੀ ਇਹ ਪਰੰਪਰਾ 1950 ਤੋਂ ਚਲੀ ਆ ਰਹੀ ਹੈ ਅਤੇ ਇਸਨੂੰ ਦੋਵਾਂ ਦੇਸ਼ਾਂ ਵਿਚਕਾਰ ਗੂੜ੍ਹੇ ਫੌਜੀ ਸਬੰਧਾਂ ਦੇ ਪ੍ਰਤੀਕ ਵਜੋਂ ਦੇਖਿਆ ਜਾਂਦਾ ਹੈ।

ਭਾਰਤ ਅਤੇ ਜਾਰਜੀਆ ਨੇ ਸੰਪਰਕ ਅਤੇ ਊਰਜਾ ਦੇ ਖੇਤਰਾਂ ਵਿੱਚ ਸਹਿਯੋਗ ਵਧਾਉਣ ਦੇ ਤਰੀਕਿਆਂ 'ਤੇ ਕੀਤੀ ਚਰਚਾ

ਟੈਕਸਾਸ
ਸਾਂਝੀ ਸੋਚ ਬਿਊਰੋ

ਭਾਰਤ ਅਤੇ ਜਾਰਜੀਆ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਵਿੱਚ ‘ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ’ ਦਾ ਨੌਵਾਂ ਦੌਰ ਆਯੋਜਿਤ ਕੀਤਾ। ਇਸ ਦੌਰਾਨ ਦੋਵਾਂ ਧਿਰਾਂ ਨੇ ਦੁਵੱਲੇ ਸਬੰਧਾਂ ਦੀ ਸਮੀਖਿਆ ਕੀਤੀ, ਜਿਸ ਵਿੱਚ ਵਪਾਰ ਅਤੇ ਨਿਵੇਸ਼, ਸੱਭਿਆਚਾਰ, ਸਿੱਖਿਆ ਅਤੇ ਲੋਕਾਂ ਵਿਚਕਾਰ ਆਪਸੀ ਆਦਾਨ-ਪ੍ਰਦਾਨ ਦੇ ਖੇਤਰਾਂ ਵਿੱਚ ਸਹਿਯੋਗ ਸ਼ਾਮਲ ਸੀ।

ਮੀਟਿੰਗ ਦੌਰਾਨ, ਦੋਵਾਂ ਧਿਰਾਂ ਨੇ ਬੁਨਿਆਦੀ ਢਾਂਚੇ, ਊਰਜਾ, ਸੰਪਰਕ ਅਤੇ ਆਪਸੀ ਦਿਲਚਸਪੀ ਦੇ ਹੋਰ ਨਵੇਂ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਵਧਾਉਣ ਦੇ ਤਰੀਕਿਆਂ ‘ਤੇ ਚਰਚਾ ਕੀਤੀ। ਵਿਦੇਸ਼ ਮੰਤਰਾਲੇ ਦੁਆਰਾ ਜਾਰੀ ਬਿਆਨ ਅਨੁਸਾਰ, ਭਾਰਤ ਅਤੇ ਜਾਰਜੀਆ ਦੇ ਅਧਿਕਾਰੀਆਂ ਨੇ ਖੇਤਰੀ ਅਤੇ ਵਿਸ਼ਵਵਿਆਪੀ ਘਟਨਾਕ੍ਰਮਾਂ ‘ਤੇ ਵੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।

ਇਸ ਮੀਟਿੰਗ ਵਿੱਚ, ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਵਿੱਚ ਸਕੱਤਰ (ਪੱਛਮ) ਸਿਬੀ ਜਾਰਜ ਨੇ ਕੀਤੀ, ਜਦਕਿ ਜਾਰਜੀਆ ਦੇ ਵਫ਼ਦ ਦੀ ਅਗਵਾਈ ਉੱਥੋਂ ਦੇ ਉਪ ਵਿਦੇਸ਼ ਮੰਤਰੀ ਅਲੈਗਜ਼ੈਂਡਰ ਖਵਿਤੀਸੀਆਸ਼ਵਿਲੀ ਨੇ ਕੀਤੀ।

ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ, “ਭਾਰਤ ਅਤੇ ਜਾਰਜੀਆ ਵਿਚਕਾਰ ਨਿੱਘੇ ਅਤੇ ਦੋਸਤਾਨਾ ਸਬੰਧ ਹਨ। ਦੋਵਾਂ ਧਿਰਾਂ ਨੇ ਉੱਚ-ਪੱਧਰੀ ਆਦਾਨ-ਪ੍ਰਦਾਨ, ਨਿਰੰਤਰ ਸੰਸਥਾਗਤ ਗੱਲਬਾਤ ਅਤੇ ਵੱਖ-ਵੱਖ ਖੇਤਰਾਂ ਵਿੱਚ ਵਧੇ ਹੋਏ ਸਹਿਯੋਗ ਰਾਹੀਂ ਭਾਰਤ-ਜਾਰਜੀਆ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ।”



ਦੋਵਾਂ ਧਿਰਾਂ ਨੇ ‘ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ’ ਦਾ ਅਗਲਾ ਦੌਰ ਤਬਿਲਿਸੀ (ਜਾਰਜੀਆ ਦੀ ਰਾਜਧਾਨੀ) ਵਿੱਚ, ਦੋਵਾਂ ਧਿਰਾਂ ਦੀ ਸਹੂਲਤ ਅਨੁਸਾਰ ਤੈਅ ਕੀਤੀਆਂ ਗਈਆਂ ਤਾਰੀਖਾਂ ‘ਤੇ ਆਯੋਜਿਤ ਕਰਨ ਲਈ ਸਹਿਮਤੀ ਪ੍ਰਗਟਾਈ।

ਅਕਤੂਬਰ ਵਿੱਚ, ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਸੰਯੁਕਤ ਅਰਬ ਅਮੀਰਾਤ ਦੇ ਅਬੂ ਧਾਬੀ ਵਿੱਚ ਜਾਰਜੀਆ ਦੀ ਆਪਣੀ ਹਮਰੁਤਬਾ ਮਾਕਾ ਬੋਤਚੋਰੀਸ਼ਵਿਲੀ ਨਾਲ ਮੁਲਾਕਾਤ ਕੀਤੀ ਸੀ। ਉੱਥੇ ਦੋਵਾਂ ਧਿਰਾਂ ਨੇ ਵਪਾਰ, ਸੰਪਰਕ, ਸੱਭਿਆਚਾਰ ਅਤੇ ਲੋਕਾਂ ਵਿਚਕਾਰ ਆਪਸੀ ਸਬੰਧਾਂ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਡੂੰਘਾ ਕਰਨ ‘ਤੇ ਚਰਚਾ ਕੀਤੀ ਸੀ।

ਵਿਦੇਸ਼ ਮੰਤਰੀ ਜੈਸ਼ੰਕਰ ਨੇ ‘ਐਕਸ’ (ਟਵਿੱਟਰ) ‘ਤੇ ਪੋਸਟ ਕੀਤਾ, “ਜਾਰਜੀਆ ਦੀ ਵਿਦੇਸ਼ ਮੰਤਰੀ ਮਾਕਾ ਬੋਤਚੋਰੀਸ਼ਵਿਲੀ ਨਾਲ ਮਿਲ ਕੇ ਖੁਸ਼ੀ ਹੋਈ। ਸਾਡੇ ਸਬੰਧ, ਜਿਨ੍ਹਾਂ ਵਿੱਚ ਵਪਾਰ, ਸੈਰ-ਸਪਾਟਾ ਅਤੇ ਸਿੱਖਿਆ ਸ਼ਾਮਲ ਹਨ, ਲਗਾਤਾਰ ਵਧ ਰਹੇ ਹਨ। ਅਸੀਂ ਵਪਾਰ, ਸੰਪਰਕ, ਸੱਭਿਆਚਾਰ ਅਤੇ ਲੋਕਾਂ ਵਿਚਕਾਰ ਆਪਸੀ ਸਬੰਧਾਂ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਯ ‘ਤੇ ਇੱਕ ਪੋਸਟ ਵਿੱਚ, ਮਾਕਾ ਬੋਚੋਰਿਸ਼ਵਿਲੀ ਨੇ ਕਿਹਾ, “ਅਬੂ ਧਾਬੀ ਵਿੱਚ ‘ਰਾਇਸੀਨਾ ਮਿਡਲ ਈਸਟ’ ਦੌਰਾਨ ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨਾਲ ਮੁਲਾਕਾਤ ਕਰਕੇ ਖੁਸ਼ੀ ਹੋਈ। ਅਸੀਂ ਸਿਆਸੀ ਗੱਲਬਾਤ ਨੂੰ ਮਜ਼ਬੂਤ ਕਰਨ, ਆਰਥਿਕ ਸਬੰਧਾਂ ਦਾ ਵਿਸਤਾਰ ਕਰਨ, ਅਤੇ ਸੈਰ-ਸਪਾਟਾ, ਸਿੱਖਿਆ, ਸੱਭਿਆਚਾਰ ਅਤੇ ਆਪਸੀ ਦਿਲਚਸਪੀ ਦੇ ਹੋਰ ਖੇਤਰਾਂ ਵਿੱਚ ਸਹਿਯੋਗ ਨੂੰ ਡੂੰਘਾ ਕਰਨ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ।”

ਭਾਰਤ 27 ਨਵੰਬਰ ਨੂੰ ‘ਇੰਡੀਅਨ ਓਸ਼ੀਅਨ ਰਿਮ ਐਸੋਸੀਏਸ਼ਨ’ ਦੀ ਮੰਤਰੀ ਪਰਿਸ਼ਦ ਦੀ 25ਵੀਂ ਮੀਟਿੰਗ ਦੀ ਕਰੇਗਾ ਮੇਜ਼ਬਾਨੀ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਭਾਰਤ 27 ਨਵੰਬਰ ਨੂੰ ‘ਇੰਡੀਅਨ ਓਸ਼ੀਅਨ ਰਿਮ ਐਸੋਸੀਏਸ਼ਨ’ ਦੀ ਮੰਤਰੀ ਪਰਿਸ਼ਦ ਦੀ 25ਵੀਂ ਮੀਟਿੰਗ ਦੀ ਮੇਜ਼ਬਾਨੀ ਕਰੇਗਾ। ਮੰਤਰੀ ਪੱਧਰੀ ਮੀਟਿੰਗ ਤੋਂ ਪਹਿਲਾਂ ਨਵੀਂ ਦਿੱਲੀ ਵਿੱਚ ‘ਸੀਨੀਅਰ ਅਧਿਕਾਰੀਆਂ ਦੀ ਕਮੇਟੀ’ ਦੀ 29ਵੀਂ ਮੀਟਿੰਗ ਆਯੋਜਿਤ ਕੀਤੀ ਜਾਵੇਗੀ।

2025-2027 ਤੱਕ ‘ਇੰਡੀਅਨ ਓਸ਼ੀਅਨ ਰਿਮ ਐਸੋਸੀਏਸ਼ਨ’ ਦੀ ਭਾਰਤੀ ਪ੍ਰਧਾਨਗੀ ਲਈ ਮੁੱਖ ਵਿਸ਼ਾ “ਹਿੰਦ ਮਹਾਨਾਗਰ ਖੇਤਰ ਵਿੱਚ ਨਵੀਨਤਾ, ਖੁੱਲ੍ਹਾਪਣ, ਲਚਕੀਲਾਪਣ ਅਤੇ ਅਨੁਕੂਲਤਾ” ਹੈ। ਵਿਦੇਸ਼ ਮੰਤਰਾਲੇ ਦੁਆਰਾ ਜਾਰੀ ਬਿਆਨ ਅਨੁਸਾਰ, 23 ਮੈਂਬਰ ਦੇਸ਼ਾਂ ਅਤੇ 12 ਸੰਵਾਦ ਭਾਈਵਾਲਾਂ ਦੇ ਮੰਤਰੀਆਂ ਅਤੇ ਸੀਨੀਅਰ ਅਧਿਕਾਰੀਆਂ ਦਾ ਇਹ ਉੱਚ-ਪੱਧਰੀ ਇਕੱਠ, ਹਿੰਦ-ਪ੍ਰਸ਼ਾਂਤ ਖੇਤਰ ਲਈ ਇੱਕ ਅਹਿਮ ਮੋੜ ‘ਤੇ ਹੋ ਰਿਹਾ ਹੈ।

‘ਇੰਡੀਅਨ ਓਸ਼ੀਅਨ ਰਿਮ ਐਸੋਸੀਏਸ਼ਨ’ ਦੀਆਂ ਇਨ੍ਹਾਂ ਮੀਟਿੰਗਾਂ ਵਿੱਚ ਸੰਗਠਨ ਦੀ ਭਵਿੱਖੀ ਨੀਤੀਗਤ ਦਿਸ਼ਾ ‘ਤੇ ਚਰਚਾ ਕੀਤੀ ਜਾਵੇਗੀ, ਜਿਸ ਵਿੱਚ ਖੇਤਰੀ ਸਹਿਯੋਗ ਢਾਂਚਿਆਂ ਦੀ ਸਮੀਖਿਆ ਕਰਨ ਅਤੇ ਸਹਿਯੋਗ ਦੇ ਨਵੇਂ ਖੇਤਰਾਂ ਦੀ ਪਛਾਣ ਕਰਨ ‘ਤੇ ਜ਼ੋਰ ਦਿੱਤਾ ਜਾਵੇਗਾ।

ਵਿਦੇਸ਼ ਮੰਤਰਾਲੇ ਨੇ ਆਪਣੇ ਬਿਆਨ ਵਿੱਚ ਕਿਹਾ, “ਨਵੀਂ ਦਿੱਲੀ ਵਿੱਚ ਹੋਣ ਵਾਲੀ ਇਹ ਮੀਟਿੰਗ ਹਿੰਦ ਮਹਾਨਾਗਰ ਖੇਤਰ ਨੂੰ ਸ਼ਾਂਤੀ, ਸਥਿਰਤਾ, ਭਰੋਸੇਯੋਗਤਾ ਅਤੇ ਟਿਕਾਊ ਵਿਕਾਸ ਵਾਲੇ ਖੇਤਰ ਵਜੋਂ ਉਜਾਗਰ ਕਰੇਗੀ। ਇਸ ਦੇ ਨਾਲ ਹੀ, ਇਹ ‘ਮਹਾਸਾਗਰ’ (ਮਹਾਸਾਗਰ - ਖੇਤਰ ਵਿੱਚ ਸਾਰਿਆਂ ਦੀ ਸੁਰੱਖਿਆ ਅਤੇ ਵਿਕਾਸ ਲਈ ਆਪਸੀ ਅਤੇ ਸਰਬਪੱਖੀ ਤਰੱਕੀ) ਦੇ ਦ੍ਰਿਸ਼ਟੀਕੋਣ ਪ੍ਰਤੀ ਭਾਰਤ ਦੀ ਵਚਨਬੱਧਤਾ ਨੂੰ ਦੁਹਰਾਏਗੀ, ਜੋ ਇੱਕ ਖੁੱਲ੍ਹੇ, ਸਮਾਵੇਸ਼ੀ ਅਤੇ ਨਿਯਮਾਂ ‘ਤੇ ਅਧਾਰਤ ਸਮੁੰਦਰੀ ਵਿਵਸਥਾ ਲਈ ਸਮੂਹਿਕ ਕਾਰਵਾਈ ਨੂੰ ਉਤਸ਼ਾਹਿਤ ਕਰਦਾ ਹੈ।”

‘ਇੰਡੀਅਨ ਓਸ਼ੀਅਨ ਰਿਮ ਐਸੋਸੀਏਸ਼ਨ’ ਦੇ 23 ਮੈਂਬਰ ਦੇਸ਼ ਹਨ: ਭਾਰਤ, ਆਸਟ੍ਰੇਲੀਆ, ਬੰਗਲਾਦੇਸ਼, ਇੰਡੋਨੇਸ਼ੀਆ, ਈਰਾਨ, ਕੀਨੀਆ, ਮੈਡਾਗਾਸਕਰ, ਕੋਮੋਰੋਸ, ਫਰਾਂਸ, ਮਲੇਸ਼ੀਆ, ਮਾਲਦੀਵ, ਮਾਰੀਸ਼ਸ, ਮੋਜ਼ਾਮਬੀਕ, ਓਮਾਨ, ਸੇਸ਼ੇਲਸ, ਸਿੰਗਾਪੁਰ, ਸੋਮਾਲੀਆ, ਦੱਖਣੀ ਅਫਰੀਕਾ, ਸ਼੍ਰੀਲੰਕਾ, ਤਨਜ਼ਾਨੀਆ, ਥਾਈਲੈਂਡ, ਸੰਯੁਕਤ ਅਰਬ ਅਮੀਰਾਤ ਅਤੇ ਯਮਨ। ‘ਇੰਡੀਅਨ ਓਸ਼ੀਅਨ ਰਿਮ ਐਸੋਸੀਏਸ਼ਨ’ ਦੇ 12 ਸੰਵਾਦ ਭਾਈਵਾਲ ਹਨ: ਚੀਨ, ਮਿਸਰ, ਯੂਰਪੀ ਸੰਘ, ਜਰਮਨੀ, ਇਟਲੀ, ਜਾਪਾਨ, ਦੱਖਣੀ ਕੋਰੀਆ, ਰੂਸ, ਸਾਊਦੀ ਅਰਬ, ਤੁਰਕੀ, ਯੂਨਾਈਟਿਡ ਕਿੰਗਡਮ ਅਤੇ ਅਮਰੀਕਾ।

‘ਮੰਤਰੀ ਪਰਿਸ਼ਦ’ ਇਸ ਸੰਗਠਨ ਦੀ ਫੈਸਲੇ ਲੈਣ ਵਾਲੀ ਸਭ ਤੋਂ ਉੱਚੀ ਇਕਾਈ ਹੈ, ਜਿਸ ਵਿੱਚ ‘ਇੰਡੀਅਨ ਓਸ਼ੀਅਨ ਰਿਮ ਐਸੋਸੀਏਸ਼ਨ’ ਦੇ ਮੈਂ ਸੀਓਐਮ ‘ਇੰਡੀਅਨ ਓਸ਼ੀਅਨ ਰਿਮ ਐਸੋਸੀਏਸ਼ਨ’ ਦੀ ਸਮੁੱਚੀ ਨੀਤੀ ਅਤੇ ਰਣਨੀਤਕ ਦਿਸ਼ਾ ਪ੍ਰਦਾਨ ਕਰਦਾ ਹੈ, ਅਤੇ ਇਸਦੀਆਂ ਮੁੱਖ ਜ਼ਿੰਮੇਵਾਰੀਆਂ ਵਿੱਚ ਨੀਤੀਆਂ ਤਿਆਰ ਕਰਨਾ, ਮੈਂਬਰ ਰਾਜਾਂ ਵਿੱਚ ਸਹਿਯੋਗ ਵਿੱਚ ਪ੍ਰਗਤੀ ਦੀ ਸਮੀਖਿਆ ਕਰਨਾ, ਅਤੇ ਐਸੋਸੀਏਸ਼ਨ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਸਹਿਯੋਗ ਦੇ ਨਵੇਂ ਖੇਤਰਾਂ ਦੀ ਪਛਾਣ ਕਰਨਾ ਅਤੇ ਫੈਸਲਾ ਕਰਨਾ ਸ਼ਾਮਲ ਹੈ, ਅਧਿਕਾਰਤ ਬਿਆਨ ਦੇ ਅਨੁਸਾਰ।

ਸੀਐਸਓ ‘ਇੰਡੀਅਨ ਓਸ਼ੀਅਨ ਰਿਮ ਐਸੋਸੀਏਸ਼ਨ’ ਦੀ ਦੂਜੀ ਸਭ ਤੋਂ ਉੱਚੀ ਫੈਸਲਾ ਲੈਣ ਵਾਲੀ ਸੰਸਥਾ ਹੈ ਅਤੇ ਇਸ ਵਿੱਚ ‘ਇੰਡੀਅਨ ਓਸ਼ੀਅਨ ਰਿਮ ਐਸੋਸੀਏਸ਼ਨ’ ਮੈਂਬਰ ਰਾਜਾਂ ਦੇ ਸੀਨੀਅਰ ਸਰਕਾਰੀ ਅਧਿਕਾਰੀ ਸ਼ਾਮਲ ਹਨ। ਸੀਐਸਓ ‘ਇੰਡੀਅਨ ਓਸ਼ੀਅਨ ਰਿਮ ਐਸੋਸੀਏਸ਼ਨ’ ਦੇ ਸੰਸਥਾਗਤ ਵਿਧੀਆਂ ਦੀਆਂ ਰਿਪੋਰਟਾਂ ਅਤੇ ਸਿਫ਼ਾਰਸ਼ਾਂ ‘ਤੇ ਵਿਚਾਰ ਕਰਕੇ, ਸੀਓਐਮ ਦੁਆਰਾ ਲਏ ਗਏ ਫੈਸਲਿਆਂ ਨੂੰ ਲਾਗੂ ਕਰਨ ਦੀ ਸਮੀਖਿਆ ਕਰਕੇ, ਮੈਂਬਰ ਰਾਜਾਂ ਵਿੱਚ ਆਰਥਿਕ ਸਹਿਯੋਗ ਲਈ ਤਰਜੀਹਾਂ ਸਥਾਪਤ ਕਰਕੇ, ਅਤੇ ‘ਇੰਡੀਅਨ ਓਸ਼ੀਅਨ ਰਿਮ ਐਸੋਸੀਏਸ਼ਨ’ ਦੇ ਕਾਰਜ ਪ੍ਰੋਗਰਾਮਾਂ ਨੂੰ ਵਿਕਸਤ, ਨਿਗਰਾਨੀ ਅਤੇ ਤਾਲਮੇਲ ਕਰਕੇ ਐਸੋਸੀਏਸ਼ਨ ਦੇ ਕੰਮ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us



CapitaL DRUG TESTING

CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.



Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com

JK TYRE INC

JK TYRE
TOTAL CONTROL

KTD10-LEAO
Radial Truck Tire (Long Haul)



295/75R22.5
$2600

With Installation
Singh: 510-766-9382

JK JETSTEEL JDH

SPECIAL OFFER !!



DRIVE TIRE
11R22.5-

With Installation
Singh: 510-766-9382

Firestone FS591

SPECIAL OFFER !!

STEER TIRE
295/75R22.5



11R22.5

With Installation
Singh: 510-766-9382

Sizes available in drive & trailer

295/75/22.5
11r/22.5
11r/24.5
255/70/22.5
315/80/22.5
425/65/22.5

JETWAY JTH 1

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

JETWAY JTH SD

SPECIAL OFFER !!



TRAILER TIRE
295/75R22.5-

With Installation
Singh: 510-766-9382

JK JETSTEEL JDL2

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES
GOODYEAR
KELLY TIRES
Feel the difference BARKLEY
PIRELLI
MICHELIN A better way forward
BRIDGESTONE
Firestone
YOKOHAMA
PEARLY
NAMA
TOYO TIRES driven to perform
Continental
DUNLOP TIRES

S. Singh Cell: (510) 766-9382

2955 N. Wilson Way Stockton , CA 95205

Serving Californians since 1999

Global Green
INSURANCE AGENCY
Lic #oF34231

Mann Insurance Brokers Inc.
dba Global Green Insurance Agency of the Bay Area

AUTO, HOME, BUSINESS, LIFE

510-487-1000

WWW.GGIABA.COM

COVERED CALIFORNIA

Certified INSURANCE AGENT

Free Confidential Help

Call : Gurcharan Singh Mann
CA License

Medicare

Licensed Insurance Agent
CA Lic # 0C70672

CALL TO ENROL

510-557-0061

Buying
OR
Selling
Real Estate
Let
US
HELP

MANN
Real Estate Services

BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE

510-557-0061

Find your home on our website

www.mannres.com



Gurcharan Singh
Mann
DRE#02321006

ਅੱਜ ਪੰਜਾਬ ਦੀ ਸਿਆਸਤ 'ਚ ਵੱਡੀ ਹਲਚਲ, ਤਿੰਨ ਵੱਡੀਆਂ ਪਾਰਟੀਆਂ ਕਰਨਗੀਆਂ ਸ਼ਕਤੀ ਪ੍ਰਦਰਸ਼ਨ

ਮੋਗਾ, ਅੰਮ੍ਰਿਤਸਰ ਅਤੇ ਫਿਲੌਰ 'ਚ ਹੋਣਗੀਆਂ ਤਿੰਨ ਵੱਡੀਆਂ ਰੈਲੀਆਂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਵਿੱਚ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਪਾਰਟੀਆਂ ਨੇ ਆਪਣੀ ਤਾਕਤ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ। ਅੱਜ ਸੰਵਿਧਾਨ ਦਿਵਸ ਮੌਕੇ ਸੂਬੇ ਵਿੱਚ ਤਿੰਨ ਵੱਖ-ਵੱਖ ਸਿਆਸੀ ਇਕੱਠ ਹੋਣ ਜਾ ਰਹੇ ਹਨ। ਆਮ ਆਦਮੀ ਪਾਰਟੀ, ਕਾਂਗਰਸ ਅਤੇ ਬਹੁਜਨ ਸਮਾਜ ਪਾਰਟੀ ਵੱਲੋਂ ਮੋਗਾ, ਅੰਮ੍ਰਿਤਸਰ ਅਤੇ ਫਿਲੌਰ ਵਿੱਚ ਰੈਲੀਆਂ ਕੀਤੀਆਂ ਜਾਣਗੀਆਂ। ਇਨ੍ਹਾਂ ਸਮਾਗਮਾਂ ਨੂੰ 2027 ਦੀਆਂ ਚੋਣਾਂ ਤੋਂ ਪਹਿਲਾਂ ਆਪਣੇ ਹੱਕ ਵਿੱਚ ਮਾਹੌਲ ਬਣਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ।

ਆਮ ਆਦਮੀ ਪਾਰਟੀ ਵੱਲੋਂ ਮੋਗਾ ਜ਼ਿਲ੍ਹੇ ਦੇ ਪਿੰਡ ਮਟਵਾਣੀ ਵਿੱਚ 'ਖੁਸ਼ਹਾਲ ਪੰਜਾਬ ਮਹਾਂ ਰੈਲੀ' ਕਰਵਾਈ ਜਾ ਰਹੀ ਹੈ। ਪਾਰਟੀ ਦੇ 14ਵੇਂ ਸਥਾਪਨਾ ਦਿਵਸ ਨਾਲ ਜੁੜੇ ਇਸ ਸਮਾਗਮ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਮੁਹਿੰਮ ਦੀ ਸ਼ੁਰੂਆਤ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਰੈਲੀ ਨੂੰ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਸੰਬੋਧਨ ਕਰਨਗੇ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਆਪਣੇ ਸਾਢੇ ਚਾਰ ਸਾਲਾਂ ਦੇ ਕਾਰਜਕਾਲ ਦੀਆਂ ਪ੍ਰਾਪਤੀਆਂ ਲੋਕਾਂ ਸਾਹਮਣੇ ਰੱਖੇ ਜਾਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਭਵਿੱਖ ਦੀਆਂ ਯੋਜਨਾਵਾਂ ਅਤੇ ਨਵੇਂ ਐਲਾਨਾਂ ਰਾਹੀਂ ਲੋਕਾਂ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਵੀ ਕੀਤੀ ਜਾ ਸਕਦੀ ਹੈ।



ਦੂਜੇ ਪਾਸੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਅੰਮ੍ਰਿਤਸਰ ਦੇ ਛੇਹਰਟਾ ਇਲਾਕੇ ਵਿੱਚ ਇੰਡੀਆ ਗੇਟ ਨੇੜੇ ਰਾਜ ਰਿਜ਼ੋਰਟ ਵਿਖੇ ਦੁਪਹਿਰ 12 ਵਜੇ ਰੈਲੀ ਕੀਤੀ ਜਾਵੇਗੀ। ਪੰਜਾਬ ਕਾਂਗਰਸ ਪ੍ਰਧਾਨ ਪਰਗਟ ਸਿੰਘ ਨੇ ਪਾਰਟੀ ਦੇ ਸੰਸਦ ਮੈਂਬਰਾਂ, ਵਿਧਾਇਕਾਂ, ਸਾਬਕਾ ਮੰਤਰੀਆਂ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਲੜ ਚੁੱਕੇ ਉਮੀਦਵਾਰਾਂ ਨੂੰ ਇਸ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਕਾਂਗਰਸ ਵੱਲੋਂ ਇਸ ਮੰਚ ਤੋਂ ਸੰਵਿਧਾਨ ਦੀ ਰਾਖੀ, ਪੰਜਾਬ ਵਿੱਚ ਨਸ਼ਿਆਂ ਦੇ ਫੈਲਾਅ, ਗੈਂਗਸਟਰਾਂ ਦੀਆਂ ਗਤੀਵਿਧੀਆਂ ਅਤੇ ਕਥਿਤ ਵੋਟ ਚੋਰੀ ਵਰਗੇ ਮੁੱਦਿਆਂ ਨੂੰ ਉਭਾਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਪਾਰਟੀ ਇਨ੍ਹਾਂ ਮੁੱਦਿਆਂ ਰਾਹੀਂ ਸੂਬਾ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕਰੇਗੀ।

ਬਹੁਜਨ ਸਮਾਜ ਪਾਰਟੀ ਵੀ ਸੰਵਿਧਾਨ ਦਿਵਸ ਮੌਕੇ ਫਿਲੌਰ ਵਿੱਚ ਵੱਡਾ ਇਕੱਠ ਕਰਨ ਜਾ ਰਹੀ ਹੈ। ਇਸ ਰੈਲੀ ਨੂੰ ਪਾਰਟੀ ਦੀ 'ਪੰਜਾਬ ਸੰਭਾਲੋ' ਮੁਹਿੰਮ ਨਾਲ ਜੋੜਿਆ ਗਿਆ ਹੈ। ਬਸਪਾ ਦੇ ਕੌਮੀ ਕੋਆਰਡੀਨੇਟਰ ਆਕਾਸ਼ ਆਨੰਦ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਵਰਕਰਾਂ ਅਤੇ ਸਮਰਥਕਾਂ ਨੂੰ ਸੰਬੋਧਨ ਕਰਨਗੇ। ਉਨ੍ਹਾਂ ਦੇ ਨਾਲ ਪਾਰਟੀ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਅਤੇ ਹੋਰ ਸੀਨੀਅਰ ਆਗੂ ਵੀ ਮੌਜੂਦ ਰਹਿਣਗੇ।

ਇੱਕੋ ਦਿਨ ਹੋਣ ਵਾਲੇ ਇਨ੍ਹਾਂ ਤਿੰਨ ਸਮਾਗਮਾਂ ਵਿੱਚ ਪਾਰਟੀਆਂ ਦੇ ਵੱਖੋ-ਵੱਖਰੇ ਸਿਆਸੀ ਏਜੰਡੇ ਸਾਹਮਣੇ ਆਉਣਗੇ। 'ਆਪ' ਸਰਕਾਰ ਆਪਣੇ ਕੰਮਾਂ ਅਤੇ ਭਵਿੱਖ ਦੀਆਂ ਯੋਜਨਾਵਾਂ ਦਾ ਪ੍ਰਚਾਰ ਕਰੇਗੀ, ਜਦਕਿ ਕਾਂਗਰਸ ਸਰਕਾਰ ਨੂੰ ਨਸ਼ਿਆਂ, ਗੈਂਗਸਟਰਵਾਦ ਅਤੇ ਸੰਵਿਧਾਨਕ ਮੁੱਦਿਆਂ 'ਤੇ ਘੇਰਨ ਦੀ ਕੋਸ਼ਿਸ਼ ਕਰੇਗੀ। ਉੱਧਰ, ਬਸਪਾ ਬਹੁਜਨ ਸਮਾਜ ਨਾਲ ਜੁੜੇ ਮੁੱਦਿਆਂ ਅਤੇ ਪੰਜਾਬ ਦੇ ਮੌਜੂਦਾ ਹਾਲਾਤ ਰਾਹੀਂ ਆਪਣਾ ਜਨ ਆਧਾਰ ਵਧਾਉਣ ਦੀ ਰਣਨੀਤੀ 'ਤੇ ਕੰਮ ਕਰੇਗੀ।

ਸਿਆਸੀ ਮਾਹਿਰਾਂ ਦੀ ਨਜ਼ਰ ਹੁਣ ਇਨ੍ਹਾਂ ਰੈਲੀਆਂ ਵਿੱਚ ਇਕੱਠੇ ਹੋਣ ਵਾਲੇ ਲੋਕਾਂ ਦੀ ਗਿਣਤੀ, ਆਗੂਆਂ ਦੇ ਭਾਸ਼ਣਾਂ ਅਤੇ ਪਾਰਟੀਆਂ ਵੱਲੋਂ ਕੀਤੇ ਜਾਣ ਵਾਲੇ ਐਲਾਨਾਂ 'ਤੇ ਰਹੇਗੀ। ਇਨ੍ਹਾਂ ਸਮਾਗਮਾਂ ਤੋਂ ਇਹ ਵੀ ਸੰਕੇਤ ਮਿਲ ਸਕਦੇ ਹਨ ਕਿ 2027 ਦੀਆਂ ਚੋਣਾਂ ਲਈ ਸਿਆਸੀ ਪਾਰਟੀਆਂ ਕਿਹੜੇ ਮੁੱਦਿਆਂ ਨੂੰ ਕੇਂਦਰ ਵਿੱਚ ਰੱਖਣ ਜਾ ਰਹੀਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਖਾਂ ਸੰਗਤਾਂ ਹੋਈਆਂ ਨਤਮਸਤਕ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਖਾਂ ਸੰਗਤਾਂ ਨੇ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਜੀ ਵਿਖੇ ਅਲੌਕਿਕ ਜਲੌ ਸਜਾਏ ਗਏ, ਜਿਸ ਦੇ ਸੰਗਤਾਂ ਨੇ ਦਰਸ਼ਨ ਕੀਤੇ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨਾਂ 'ਤੇ ਦੀਪਮਾਲਾ ਵੀ ਕੀਤੀ ਗਈ। ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਇਲਾਹੀ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਕਥਾਵਾਚਕ ਭਾਈ ਵਿਸ਼ਾਲ ਸਿੰਘ ਨੇ ਸਰਵਣ ਕਰਵਾਇਆ। ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਵਿਚਾਰਾਂ



ਕਰਦਿਆਂ ਕਿਹਾ ਕਿ ਗੁਰੂ ਸਾਹਿਬ ਦੇ ਉਪਦੇਸ਼ ਸਮੁੱਚੀ ਮਾਨਵਤਾ ਲਈ ਜੀਵਨ ਰੁਸ਼ਨਾਉਣ ਵਾਲੇ ਹਨ। ਗੁਰੂ ਸਾਹਿਬ ਨੇ ਊਚ-ਨੀਚ, ਜਾਤ-ਪਾਤ ਤੇ ਵਰਨ-ਵੰਡ ਦੀਆਂ ਵਲਗਣਾਂ ਨੂੰ ਤੋੜ ਕੇ ਇਕ ਅਕਾਲ ਪੁਰਖ ਦੇ ਲੜ ਲਾਇਆ। ਉਨ੍ਹਾਂ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਗੁਰੂ ਸਾਹਿਬ ਦੇ ਉਪਦੇਸ਼ਾਂ 'ਤੇ ਚੱਲਣ ਦੀ ਪ੍ਰੇਰਨਾ ਵੀ ਕੀਤੀ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਦੌਰਾਨ ਪ੍ਰਚਾਰਕ, ਢਾਡੀ, ਕਵੀਸ਼ਰ ਜਥਿਆਂ ਨੇ ਗੁਰ ਇਤਿਹਾਸ ਸਰਵਣ ਕਰਵਾਇਆ ਗਿਆ ਅਤੇ ਕਵੀ ਦਰਬਾਰ 'ਚ ਕਵੀਆਂ ਨੇ ਕਵਿਤਾਵਾਂ ਰਾਹੀਂ ਗੁਰੂ ਜਸ ਸਰਵਣ ਕਰਵਾਇਆ। ਪ੍ਰਕਾਸ਼ ਗੁਰਪੁਰਬ ਮੌਕੇ ਹਾਜ਼ਰੀ ਭਰਨ ਵਾਲਿਆਂ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਕਾਰਜਕਾਰੀ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ, ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ, ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ, ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਮੇਜਰ ਸਿੰਘ, ਮੈਨੇਜਰ ਨਰਿੰਦਰ ਸਿੰਘ, ਵਧੀਕ ਮੈਨੇਜਰ ਗੁਰਿੰਦਰ ਸਿੰਘ ਦੇਵੀਦਾਸ ਪੁਰਾ, ਗੁਰਤਿੰਦਰਪਾਲ ਸਿੰਘ ਕਾਦੀਆਂ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

ਅਮਰੀਕੀ ਪਾਸਪੋਰਟ ਨਵਾਂ ਬਣਾਉਣ ਤੋਂ ਬਾਅਦ ਗਲੋਬਲ ਐਂਟਰੀ ਦੀ ਜਾਣਕਾਰੀ ਵੀ ਕਰੋ ਅਪਡੇਟ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਪਾਸਪੋਰਟ ਨਵਾਂ ਬਣਵਾਉਣ ਜਾਂ ਰੀਨਿਊ ਕਰਵਾਉਣ ਤੋਂ ਬਾਅਦ ਯਾਤਰੀਆਂ ਨੂੰ ਆਪਣੇ ਟਰੱਸਟਿਡ ਟ੍ਰੈਵਲਰ ਪ੍ਰੋਗਰਾਮ ਦੀ ਜਾਣਕਾਰੀ ਵੀ ਜਾਂਚਣੀ ਚਾਹੀਦੀ ਹੈ। ਪਾਸਪੋਰਟ ਬਦਲਣ ਨਾਲ ਪੁਰਾਣਾ ਪਾਸਪੋਰਟ ਨੰਬਰ, ਜਾਰੀ ਹੋਣ ਦੀ ਮਿਤੀ ਅਤੇ ਮਿਆਦ ਖ਼ਤਮ ਹੋਣ ਦੀ ਮਿਤੀ ਬਦਲ ਜਾਂਦੀ ਹੈ। ਜੇ ਇਹ ਵੇਰਵੇ ਖਾਤੇ ਵਿਚ ਅਪਡੇਟ ਨਾ ਹੋਣ, ਤਾਂ ਹਵਾਈ ਅੱਡੇ 'ਤੇ ਗਲੋਬਲ ਐਂਟਰੀ ਦੇ ਲਾਭ ਵਰਤਣ ਵਿਚ ਦੇਰੀ ਜਾਂ ਦਿੱਕਤ ਆ ਸਕਦੀ ਹੈ। ਗਲੋਬਲ ਐਂਟਰੀ ਮੈਂਬਰ ਆਪਣੀ ਟਰੱਸਟਿਡ ਟ੍ਰੈਵਲਰ ਪ੍ਰੋਗਰਾਮ (ਟੀ.ਟੀ.ਪੀ) ਵੈੱਬਸਾਈਟ 'ਤੇ ਲੌਗਇਨ ਕਰਕੇ 'ਅਪਡੇਟ ਡਾਕੂਮੈਂਟਸ' ਚੁਣ ਸਕਦੇ ਹਨ।

ਨਵੀਂ ਜਾਣਕਾਰੀ ਸਰਕਾਰੀ ਸੀ.ਬੀ.ਪੀ. ਟਰੱਸਟਿਡ ਟ੍ਰੈਵਲਰ ਮੋਬਾਈਲ ਐਪ ਰਾਹੀਂ ਵੀ ਜੋੜੀ ਜਾ ਸਕਦੀ ਹੈ। ਅਮਰੀਕੀ ਵਿਦੇਸ਼ ਵਿਭਾਗ ਮੁਤਾਬਕ ਖਾਤੇ ਵਿਚ ਨਵਾਂ ਪਾਸਪੋਰਟ ਨੰਬਰ, ਜਾਰੀ ਹੋਣ ਦੀ ਤਾਰੀਖ਼ ਅਤੇ ਮਿਆਦ



ਮੁੱਕਣ ਦੀ ਤਾਰੀਖ਼ ਦਰਜ ਕਰਨੀ ਚਾਹੀਦੀ ਹੈ।

ਪਾਸਪੋਰਟ ਦੀ ਮਿਆਦ ਖ਼ਤਮ ਹੋਣ ਨਾਲ ਟੀ.ਟੀ.ਪੀ ਮੈਂਬਰਸ਼ਿਪ ਆਪਣੇ ਆਪ ਰੱਦ ਨਹੀਂ ਹੁੰਦੀ। ਪਰ ਨਵੇਂ ਪਾਸਪੋਰਟ ਦੇ ਵੇਰਵੇ ਅਪਡੇਟ ਹੋਣ ਤੱਕ ਗਲੋਬਲ ਐਂਟਰੀ ਦੇ ਲਾਭ ਵਰਤਣ ਵਿਚ ਰੁਕਾਵਟ ਆ ਸਕਦੀ ਹੈ। ਇਸ ਲਈ ਯਾਤਰਾ ਤੋਂ ਪਹਿਲਾਂ ਖਾਤਾ ਅਪਡੇਟ ਕਰਨਾ ਚੰਗਾ ਰਹੇਗਾ।

ਇੱਕ ਗੱਲ ਹੋਰ ਸਮਝਣ ਵਾਲੀ ਹੈ: ਜੇ ਤੁਹਾਡਾ ਟੀ.ਐੱਸ.ਏ ਪ੍ਰੀਚੈੱਕ ਸਿੱਧਾ ਵੱਖਰੇ ਪ੍ਰੋਗਰਾਮ ਰਾਹੀਂ ਹੈ, ਤਾਂ ਉਹ ਗਲੋਬਲ ਐਂਟਰੀ ਤੋਂ ਵੱਖਰਾ ਹੁੰਦਾ ਹੈ। ਗਲੋਬਲ ਐਂਟਰੀ ਰਾਹੀਂ ਮਿਲਣ ਵਾਲੇ ਟੀ.ਐੱਸ.ਏ ਪ੍ਰੀਚੈੱਕ ਲਾਭਾਂ ਲਈ ਆਪਣਾ ਨਵਾਂ ਪਾਸਪੋਰਟ ਖਾਤੇ ਵਿਚ ਦਰਜ ਕਰਨਾ ਜ਼ਰੂਰੀ ਹੈ। ਜੇ ਨਾਮ ਵੀ ਬਦਲਿਆ ਹੈ, ਤਾਂ ਸਹਾਇਤਾ ਕੇਂਦਰ ਨਾਲ ਸੰਪਰਕ ਕਰੋ, ਕਿਉਂਕਿ ਨਾਮ ਬਦਲਣ ਲਈ ਵੱਖਰੀ ਪ੍ਰਕਿਰਿਆ ਹੋ ਸਕਦੀ ਹੈ। ਇਸ ਲਈ ਨਵਾਂ ਪਾਸਪੋਰਟ ਮਿਲਦਿਆਂ ਹੀ ਟੀ.ਟੀ.ਪੀ ਖਾਤੇ ਦੀ ਜਾਂਚ ਕਰੋ ਅਤੇ ਹਵਾਈ ਯਾਤਰਾ ਤੋਂ ਪਹਿਲਾਂ ਆਪਣੀ ਮੈਂਬਰਸ਼ਿਪ ਜਾਣਕਾਰੀ ਸਹੀ ਹੋਣ ਦੀ ਪੁਸ਼ਟੀ ਕਰ ਲਵੋ।

Space available for Ad
Contact # +1 (209) 303-1260
Contact # +91 81463-20009

TAKE CONTROL OF YOUR HEALTH!

PRIVATE, AFFORDABLE, & CONVENIENT

8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

NO INSURANCE? NO PROBLEM!

WALK-INS WELCOME



ANYLABTEST NOW

ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

WHOLE HOME SOLAR & BATTERY
STARTING AT $25,000

For a standard 5kW Solar & 14kWh Battery system

Roof or main panel upgrades not included



Clear & Up-Front Pricing

High-Efficiency Components

Permits and Utility Approvals Included

Protect Existing NEM 2.0
(Via Non-Export Configuration)

CALL HARRY FOR A QUOTE | (925) 537-2732

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

Gillson
TRUCKING INC

NOW HIRING
TRUCK DRIVERS
CLASS A CDL



- Signing Bonus
- Top pay
- Mileage Pay
- Great Benefits
- Over the Road or Local Routes
- Reefers and Dry Van Operations
- No touch freight



SKILLS

- Responsible truck driver.
- Experience with electronic equipment.
- Ability to travel regularly.
- Adaptivity and foresight to handle unexpected situations (traffic, weather conditions and roads, etc.)

RESPONSIBILITIES

- Safely operating assigned vehicles.
- The Vehicles are maintained and serviced as needed.
- Report any vehicle defects for repair.
- Make safety a priority at all times.
- Comply with standard federal laws and with company. policies and procedures.

PAY

- Average pay: $0.45-$0.60 cents/mile
- Weekly direct deposits
- Bonuses for clean inspections
- High mileage bonuses

NEWER EQUIPMENT

FREIGHTLINER AND VOLVO 2020 AND PRESENT
RESET PAY AWAY FROM TERMINALS- STOCKTON,. CA AND DAYTON, OHIO

Flexible Home Time
Pet Friendly
Rider Policy

SCAN QR CODE FOR
APPLY NOW

HEALTH BENEFITS
Health
Dental
Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com



ਸਮਾਜ ਵਿੱਚ ਭ੍ਰਿਸ਼ਟਾਚਾਰ ਦਾ ਕੋਹੜ

ਭ੍ਰਿਸ਼ਟਾਚਾਰ ਅਜੋਕੇ ਸਮਾਜ ਦੀਆਂ ਸਭ ਤੋਂ ਗੰਭੀਰ ਸਮੱਸਿਆਵਾਂ ਵਿੱਚੋਂ ਇੱਕ ਹੈ। ਇਹ ਇੱਕ ਅਜਿਹੀ ਸਮਾਜਿਕ ਬੁਰਾਈ ਹੈ, ਜੋ ਸਮਾਜ ਦੇ ਲਗਭਗ ਹਰ ਖੇਤਰ ਨੂੰ ਆਪਣੀ ਲਪੇਟ ਵਿੱਚ ਲੈ ਚੁੱਕੀ ਹੈ। ਜਦੋਂ ਕੋਈ ਵਿਅਕਤੀ ਆਪਣੇ ਅਹੁਦੇ, ਅਧਿਕਾਰ ਜਾਂ ਤਾਕਤ ਦੀ ਵਰਤੋਂ ਨਿੱਜੀ ਲਾਭ ਲਈ ਕਰਦਾ ਹੈ, ਤਾਂ ਉਸ ਨੂੰ ਭ੍ਰਿਸ਼ਟਾਚਾਰ ਕਿਹਾ ਜਾਂਦਾ ਹੈ। ਰਿਸ਼ਵਤਖੋਰੀ, ਭਾਈ-ਭਤੀਜਾਵਾਦ, ਪੱਖਪਾਤ, ਸਰਕਾਰੀ ਪੈਸੇ ਦੀ ਦੁਰਵਰਤੋਂ, ਧੋਖਾਧੜੀ ਅਤੇ ਬੇਈਮਾਨੀ ਇਸ ਦੇ ਆਮ ਰੂਪ ਹਨ। ਭਾਵੇਂ ਭ੍ਰਿਸ਼ਟਾਚਾਰ ਰਾਹੀਂ ਕੁਝ ਲੋਕ ਨਿੱਜੀ ਤੌਰ 'ਤੇ ਲਾਭ ਪ੍ਰਾਪਤ ਕਰ ਲੈਂਦੇ ਹਨ, ਪਰ ਇਸ ਦਾ ਨੁਕਸਾਨ ਸਮੁੱਚੇ ਸਮਾਜ ਅਤੇ ਦੇਸ਼ ਨੂੰ ਝੱਲਣਾ ਪੈਂਦਾ ਹੈ। ਭਾਰਤ ਵਰਗੇ ਲੋਕਤੰਤਰੀ ਦੇਸ਼ ਵਿੱਚ ਭ੍ਰਿਸ਼ਟਾਚਾਰ ਹੋਰ ਵੀ ਖ਼ਤਰਨਾਕ ਹੈ, ਕਿਉਂਕਿ ਲੋਕਤੰਤਰ ਦੀ ਨੀਂਹ ਬਰਾਬਰੀ, ਨਿਆਂ, ਪਾਰਦਰਸ਼ਤਾ ਅਤੇ ਲੋਕ-ਭਲਾਈ ਦੇ ਸਿਧਾਂਤਾਂ ਉੱਤੇ ਟਿਕੀ ਹੋਈ ਹੈ। ਲੋਕ ਆਪਣੇ ਨੁਮਾਇੰਦਿਆਂ ਨੂੰ ਇਸ ਉਮੀਦ ਨਾਲ ਚੁਣਦੇ ਹਨ ਕਿ ਉਹ ਇਮਾਨਦਾਰੀ ਨਾਲ ਦੇਸ਼ ਅਤੇ ਸਮਾਜ ਦੀ ਸੇਵਾ ਕਰਨਗੇ। ਪਰ ਜਦੋਂ ਸਿਆਸੀ ਆਗੂ ਜਾਂ ਸਰਕਾਰੀ ਅਧਿਕਾਰੀ ਆਪਣੇ ਅਹੁਦਿਆਂ ਦੀ ਵਰਤੋਂ ਨਿੱਜੀ ਲਾਭ ਲਈ ਕਰਨ ਲੱਗ ਪੈਂਦੇ ਹਨ, ਤਾਂ ਲੋਕਤੰਤਰ ਦੀ ਅਸਲ ਭਾਵਨਾ ਨੂੰ ਠੇਸ ਪਹੁੰਚਦੀ ਹੈ। ਸਿੱਖਿਆ, ਸਿਹਤ, ਸੜਕਾਂ, ਸਫ਼ਾਈ ਅਤੇ ਲੋਕ-ਭਲਾਈ ਦੀਆਂ ਯੋਜਨਾਵਾਂ ਲਈ ਰੱਖਿਆ ਗਿਆ ਸਰਕਾਰੀ ਪੈਸਾ ਜੇਕਰ ਗਲਤ ਹੱਥਾਂ ਵਿੱਚ ਚਲਾ ਜਾਵੇ, ਤਾਂ ਦੇਸ਼ ਦੇ ਵਿਕਾਸ ਦੀ ਰਫ਼ਤਾਰ ਆਪਣੇ ਆਪ ਮੱਠੀ ਪੈ ਜਾਂਦੀ ਹੈ।

ਭ੍ਰਿਸ਼ਟਾਚਾਰ ਦੇ ਕਈ ਕਾਰਨ ਹਨ, ਪਰ ਇਨ੍ਹਾਂ ਵਿੱਚੋਂ ਸਭ ਤੋਂ ਵੱਡਾ ਕਾਰਨ ਮਨੁੱਖੀ ਲਾਲਚ ਹੈ। ਕੁਝ ਲੋਕ ਇਮਾਨਦਾਰੀ ਨਾਲ ਕੀਤੀ ਕਮਾਈ ਤੋਂ ਕਦੇ ਸੰਤੁਸ਼ਟ ਨਹੀਂ ਹੁੰਦੇ। ਉਹ ਹੋਰ ਪੈਸਾ, ਵਧੇਰੇ ਤਾਕਤ ਅਤੇ ਐਸ਼ੋ-ਆਰਾਮ ਪ੍ਰਾਪਤ ਕਰਨ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੋ ਜਾਂਦੇ ਹਨ। ਇਸ ਤੋਂ ਇਲਾਵਾ ਕਮਜ਼ੋਰ ਪ੍ਰਸ਼ਾਸਨ, ਜਵਾਬਦੇਹੀ ਦੀ ਘਾਟ, ਗੁੰਝਲਦਾਰ ਸਰਕਾਰੀ ਪ੍ਰਕਿਰਿਆਵਾਂ, ਸਿਆਸੀ ਦਖ਼ਲਅੰਦਾਜ਼ੀ ਅਤੇ ਨਿਆਂ ਮਿਲਣ ਵਿੱਚ ਦੇਰੀ ਵੀ ਭ੍ਰਿਸ਼ਟਾਚਾਰ ਨੂੰ ਵਧਾਉਂਦੇ ਹਨ। ਕਈ ਵਾਰ ਲੋਕ ਆਪਣਾ ਜਾਇਜ਼ ਕੰਮ ਜਲਦੀ ਕਰਵਾਉਣ ਲਈ ਰਿਸ਼ਵਤ ਦੇਣ ਲਈ ਮਜਬੂਰ ਹੋ ਜਾਂਦੇ ਹਨ, ਜਦਕਿ ਕੁਝ ਅਧਿਕਾਰੀ ਆਪਣੀ ਡਿਊਟੀ ਨਿਭਾਉਣ ਦੇ ਬਦਲੇ ਹੀ ਪੈਸੇ ਦੀ ਮੰਗ ਕਰਦੇ ਹਨ। ਹੌਲੀ-ਹੌਲੀ ਇਹ ਗਲਤ ਰਵਾਇਤ ਆਮ ਜੀਵਨ ਦਾ ਹਿੱਸਾ ਬਣ ਜਾਂਦੀ ਹੈ। ਭ੍ਰਿਸ਼ਟਾਚਾਰ ਦਾ ਸਭ ਤੋਂ ਵੱਧ ਨੁਕਸਾਨ ਆਮ ਅਤੇ ਗਰੀਬ ਲੋਕਾਂ ਨੂੰ ਝੱਲਣਾ ਪੈਂਦਾ ਹੈ। ਇੱਕ ਗਰੀਬ ਵਿਅਕਤੀ ਨੂੰ ਸਰਕਾਰੀ ਦਫ਼ਤਰ ਵਿੱਚ ਆਪਣਾ ਛੋਟਾ ਜਿਹਾ ਕੰਮ ਕਰਵਾਉਣ ਲਈ ਵੀ ਵਾਧੂ ਪੈਸੇ ਦੇਣੇ ਪੈ ਸਕਦੇ ਹਨ। ਇੱਕ ਹੋਣਹਾਰ ਵਿਦਿਆਰਥੀ ਪੱਖਪਾਤ ਕਾਰਨ ਆਪਣੇ ਹੱਕ ਤੋਂ ਵਾਂਝਾ ਰਹਿ ਸਕਦਾ ਹੈ ਅਤੇ ਇੱਕ ਯੋਗ ਉਮੀਦਵਾਰ ਨੂੰ ਨੌਕਰੀ ਮਿਲਣ ਦੀ ਬਜਾਏ ਕਿਸੇ ਸਿਫ਼ਾਰਸ਼ੀ ਜਾਂ ਪ੍ਰਭਾਵਸ਼ਾਲੀ ਵਿਅਕਤੀ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ। ਇਸ ਤਰ੍ਹਾਂ ਮਿਹਨਤ, ਯੋਗਤਾ ਅਤੇ ਇਮਾਨਦਾਰੀ ਦੀ ਕਦਰ ਘੱਟਣ ਲੱਗਦੀ ਹੈ। ਜਦੋਂ ਸੜਕਾਂ, ਪੁਲਾਂ, ਸਕੂਲਾਂ ਅਤੇ ਹਸਪਤਾਲਾਂ ਦੇ ਨਿਰਮਾਣ ਲਈ ਰੱਖੇ ਪੈਸੇ ਦੀ ਦੁਰਵਰਤੋਂ ਹੁੰਦੀ ਹੈ, ਤਾਂ ਲੋਕਾਂ ਨੂੰ ਘਟੀਆ ਸਹੂਲਤਾਂ ਮਿਲਦੀਆਂ ਹਨ। ਇਸ ਨਾਲ ਸਮਾਜ ਵਿੱਚ ਅਮੀਰ ਅਤੇ ਗਰੀਬ ਵਿਚਕਾਰਲਾ ਪਾੜਾ ਹੋਰ ਵੱਧ ਜਾਂਦਾ ਹੈ।

ਭ੍ਰਿਸ਼ਟਾਚਾਰ ਦੇਸ਼ ਦੀ ਆਰਥਿਕ ਤਰੱਕੀ ਵਿੱਚ ਵੀ ਵੱਡੀ ਰੁਕਾਵਟ ਬਣਦਾ ਹੈ। ਇਹ ਇਮਾਨਦਾਰ ਕਾਰੋਬਾਰੀਆਂ ਦਾ ਹੌਸਲਾ ਤੋੜਦਾ ਹੈ, ਨਿਵੇਸ਼ ਨੂੰ ਘਟਾਉਂਦਾ ਹੈ ਅਤੇ ਸਰਕਾਰੀ ਯੋਜਨਾਵਾਂ ਦੀ ਲਾਗਤ ਵਧਾ ਦਿੰਦਾ ਹੈ।

ਜਦੋਂ ਠੇਕੇ ਅਤੇ ਸਰਕਾਰੀ ਕੰਮ ਯੋਗਤਾ ਦੀ ਬਜਾਏ ਨਿੱਜੀ ਸਬੰਧਾਂ ਅਤੇ ਸਿਫ਼ਾਰਸ਼ਾਂ ਦੇ ਆਧਾਰ 'ਤੇ ਦਿੱਤੇ ਜਾਂਦੇ ਹਨ, ਤਾਂ ਕੰਮ ਦੀ ਗੁਣਵੱਤਾ ਅਤੇ ਕਾਰਗੁਜ਼ਾਰੀ ਪ੍ਰਭਾਵਿਤ ਹੁੰਦੀ ਹੈ। ਇਸੇ ਤਰ੍ਹਾਂ ਟੈਕਸ ਚੋਰੀ ਅਤੇ ਵਿੱਤੀ ਧੋਖਾਧੜੀ ਕਾਰਨ ਸਰਕਾਰ ਨੂੰ ਮਿਲਣ ਵਾਲੀ ਆਮਦਨ ਘੱਟ ਜਾਂਦੀ ਹੈ। ਨਤੀਜੇ ਵਜੋਂ ਲੋਕਾਂ ਦੀ ਭਲਾਈ ਲਈ ਲੋੜੀਂਦੇ ਸਾਧਨਾਂ ਦੀ ਕਮੀ ਪੈਦਾ ਹੋ ਜਾਂਦੀ ਹੈ। ਭ੍ਰਿਸ਼ਟਾਚਾਰ ਦਾ ਇੱਕ ਹੋਰ ਗੰਭੀਰ ਨਤੀਜਾ ਲੋਕਾਂ ਦਾ ਸਰਕਾਰੀ ਸੰਸਥਾਵਾਂ ਤੋਂ ਵਿਸ਼ਵਾਸ ਉੱਠ ਜਾਣਾ ਹੈ। ਜਦੋਂ ਲੋਕਾਂ ਨੂੰ ਇਹ ਮਹਿਸੂਸ ਹੋਣ ਲੱਗਦਾ ਹੈ ਕਿ ਪੈਸੇ ਅਤੇ ਸਿਫ਼ਾਰਸ਼ ਨਾਲ ਹਰ ਕੰਮ ਹੋ ਸਕਦਾ ਹੈ, ਪਰ ਇਮਾਨਦਾਰੀ ਅਤੇ ਮਿਹਨਤ ਦੀ ਕੋਈ ਕਦਰ ਨਹੀਂ ਤਾਂ ਉਨ੍ਹਾਂ ਵਿੱਚ ਨਿਰਾਸ਼ਾ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਨਾਲ ਕਾਨੂੰਨ ਪ੍ਰਤੀ ਸਤਿਕਾਰ ਘੱਟਦਾ ਹੈ ਅਤੇ ਲੋਕ ਵੀ ਗਲਤ ਤਰੀਕਿਆਂ ਨੂੰ ਅਪਣਾਉਣ ਲੱਗ ਪੈਂਦੇ ਹਨ। ਅਜਿਹਾ ਮਾਹੌਲ ਕਿਸੇ ਵੀ ਸਿਹਤਮੰਦ ਲੋਕਤੰਤਰ ਲਈ ਖ਼ਤਰਨਾਕ ਹੈ। ਪਰ ਇਹ ਸੋਚਣਾ ਗਲਤ ਹੋਵੇਗਾ ਕਿ ਭ੍ਰਿਸ਼ਟਾਚਾਰ ਨੂੰ ਖ਼ਤਮ ਜਾਂ ਕਾਬੂ ਨਹੀਂ ਕੀਤਾ ਜਾ ਸਕਦਾ। ਇਸ ਲਈ ਮਜ਼ਬੂਤ ਕਾਨੂੰਨ, ਪਾਰਦਰਸ਼ੀ ਪ੍ਰਸ਼ਾਸਨ ਅਤੇ ਸਖ਼ਤ ਜਵਾਬਦੇਹੀ ਦੀ ਲੋੜ ਹੈ। ਹਰ ਸਰਕਾਰੀ ਕਰਮਚਾਰੀ ਨੂੰ ਆਪਣੇ ਕੰਮਾਂ ਅਤੇ ਫ਼ੈਸਲਿਆਂ ਲਈ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ। ਭ੍ਰਿਸ਼ਟਾਚਾਰ ਵਿੱਚ ਸ਼ਾਮਲ ਵਿਅਕਤੀ ਭਾਵੇਂ ਕਿਸੇ ਵੀ ਅਹੁਦੇ ਜਾਂ ਸਮਾਜਿਕ ਵਰਗ ਨਾਲ ਸਬੰਧਤ ਹੋਵੇ, ਉਸ ਵਿਰੁੱਧ ਨਿਰਪੱਖ ਅਤੇ ਸਮੇਂ ਸਿਰ ਕਾਰਵਾਈ ਹੋਣੀ ਚਾਹੀਦੀ ਹੈ। ਡਿਜ਼ੀਟਲ ਸੇਵਾਵਾਂ, ਆਨਲਾਈਨ ਭੁਗਤਾਨ, ਸਿੱਧੇ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਰਕਮ ਭੇਜਣ ਅਤੇ ਪਾਰਦਰਸ਼ੀ ਭਰਤੀ ਪ੍ਰਣਾਲੀਆਂ ਰਾਹੀਂ ਰਿਸ਼ਵਤਖੋਰੀ ਦੇ ਮੌਕਿਆਂ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ।

ਸਿਆਸੀ ਪਾਰਟੀਆਂ ਅਤੇ ਚੁਣੇ ਹੋਏ ਨੁਮਾਇੰਦਿਆਂ ਦੀ ਵੀ ਇਸ ਮਾਮਲੇ ਵਿੱਚ ਵੱਡੀ ਜ਼ਿੰਮੇਵਾਰੀ ਬਣਦੀ ਹੈ। ਜਨਤਕ ਜੀਵਨ ਵਿੱਚ ਇਮਾਨਦਾਰੀ ਅਤੇ ਸਾਦਗੀ ਦੀ ਮਿਸਾਲ ਕਾਇਮ ਕਰਨਾ ਉਨ੍ਹਾਂ ਦਾ ਫ਼ਰਜ਼ ਹੈ। ਚੋਣਾਂ ਵਿੱਚ ਪੈਸੇ ਦੀ ਤਾਕਤ, ਝੂਠੇ ਵਾਅਦਿਆਂ ਅਤੇ ਨਿੱਜੀ ਪ੍ਰਭਾਵ ਦੀ ਬਜਾਏ ਲੋਕ-ਭਲਾਈ ਦੀਆਂ ਨੀਤੀਆਂ, ਕਾਰਗੁਜ਼ਾਰੀ ਅਤੇ ਇਮਾਨਦਾਰੀ ਨੂੰ ਮਹੱਤਵ ਮਿਲਣਾ ਚਾਹੀਦਾ ਹੈ। ਵੋਟਰਾਂ ਨੂੰ ਵੀ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਬਹੁਤ ਸੋਚ-ਸਮਝ ਕੇ ਕਰਨੀ ਚਾਹੀਦੀ ਹੈ ਅਤੇ ਅਜਿਹੇ ਉਮੀਦਵਾਰਾਂ ਨੂੰ ਨਕਾਰਨਾ ਚਾਹੀਦਾ ਹੈ ਜੋ ਜਨਤਕ ਸਾਧਨਾਂ ਦੀ ਦੁਰਵਰਤੋਂ ਕਰਦੇ ਹਨ ਜਾਂ ਭ੍ਰਿਸ਼ਟਾਚਾਰ ਨੂੰ ਉਤਸ਼ਾਹਿਤ ਕਰਦੇ ਹਨ। ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖ਼ਤਮ ਕਰਨ ਵਿੱਚ ਸਿੱਖਿਆ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ। ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਇਮਾਨਦਾਰੀ, ਅਨੁਸ਼ਾਸਨ, ਨਿਆਂ, ਸੱਚਾਈ ਅਤੇ ਜ਼ਿੰਮੇਵਾਰੀ ਦੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਸਿੱਖਿਆ ਸੰਸਥਾਵਾਂ ਦਾ ਮਕਸਦ ਸਿਰਫ਼ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਦੇਣਾ ਹੀ ਨਹੀਂ, ਸਗੋਂ ਉਨ੍ਹਾਂ ਦੇ ਚਰਿੱਤਰ ਦਾ ਨਿਰਮਾਣ ਕਰਨਾ ਵੀ ਹੋਣਾ ਚਾਹੀਦਾ ਹੈ। ਅਧਿਆਪਕਾਂ, ਮਾਪਿਆਂ ਅਤੇ ਸਮਾਜਿਕ ਆਗੂਆਂ ਨੂੰ ਨੌਜਵਾਨ ਪੀੜ੍ਹੀ ਵਿੱਚ ਗਲਤ ਕੰਮਾਂ ਵਿਰੁੱਧ ਆਵਾਜ਼ ਉਠਾਉਣ ਅਤੇ ਅਨਿਆਂ ਦਾ ਵਿਰੋਧ ਕਰਨ ਦੀ ਹਿੰਮਤ ਪੈਦਾ ਕਰਨੀ ਚਾਹੀਦੀ ਹੈ।

ਇਹ ਸਮਝਣਾ ਵੀ ਬਹੁਤ ਜ਼ਰੂਰੀ ਹੈ ਕਿ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਸਿਰਫ਼ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਹੈ। ਇਸ ਵਿੱਚ ਹਰ ਨਾਗਰਿਕ ਦੀ ਆਪਣੀ ਭੂਮਿਕਾ ਹੈ। ਸਾਨੂੰ ਨਾ ਤਾਂ ਰਿਸ਼ਵਤ ਦੇਣੀ ਚਾਹੀਦੀ ਹੈ ਅਤੇ ਨਾ ਹੀ ਲੈਣੀ ਚਾਹੀਦੀ ਹੈ। ਸਾਨੂੰ ਕਾਨੂੰਨੀ ਪ੍ਰਕਿਰਿਆਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਆਪਣੇ ਹੱਕਾਂ ਪ੍ਰਤੀ ਜਾਗਰੂਕ ਰਹਿਣਾ ਚਾਹੀਦਾ ਹੈ ਅਤੇ ਭ੍ਰਿਸ਼ਟਾਚਾਰ ਦੀ ਜਾਣਕਾਰੀ ਮਿਲਣ 'ਤੇ ਉਚਿਤ ਮਾਧਿਅਮਾਂ ਰਾਹੀਂ ਸ਼ਿਕਾਇਤ ਕਰਨੀ ਚਾਹੀਦੀ ਹੈ। ਗਲਤ ਕੰਮਾਂ ਪ੍ਰਤੀ ਚੁੱਪ ਰਹਿਣਾ ਅਕਸਰ ਉਨ੍ਹਾਂ ਨੂੰ ਹੋਰ ਵੱਧਣ ਦਾ ਮੌਕਾ ਦਿੰਦਾ ਹੈ, ਜਦਕਿ ਜਾਗਰੂਕਤਾ ਅਤੇ ਸਾਂਝੇ ਯਤਨ ਸਮਾਜ ਵਿੱਚ ਚੰਗੀ ਤਬਦੀਲੀ ਲਿਆ ਸਕਦੇ ਹਨ।ਅੰਤ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਭ੍ਰਿਸ਼ਟਾਚਾਰ ਸਿਰਫ਼ ਪੈਸੇ ਦੀ ਹੇਰਾਫੇਰੀ ਜਾਂ ਵਿੱਤੀ ਅਪਰਾਧ ਨਹੀਂ, ਸਗੋਂ ਲੋਕਤੰਤਰ, ਸਮਾਜਿਕ ਨਿਆਂ, ਆਰਥਿਕ ਵਿਕਾਸ ਅਤੇ ਮਨੁੱਖੀ ਸਨਮਾਨ ਲਈ ਇੱਕ ਵੱਡਾ ਖ਼ਤਰਾ ਹੈ। ਇਹ ਯੋਗ ਵਿਅਕਤੀਆਂ ਦੇ ਮੌਕੇ ਖੋਹ ਲੈਂਦਾ ਹੈ, ਸਰਕਾਰੀ ਸੰਸਥਾਵਾਂ ਨੂੰ ਕਮਜ਼ੋਰ ਕਰਦਾ ਹੈ ਅਤੇ ਸਮਾਜ ਦੀ ਨੈਤਿਕ ਨੀਂਹ ਨੂੰ ਹਿਲਾ ਦਿੰਦਾ ਹੈ। ਕੋਈ ਵੀ ਦੇਸ਼ ਬੇਈਮਾਨੀ ਅਤੇ ਝੂਠੇ ਵਾਅਦਿਆਂ ਦੇ ਆਧਾਰ 'ਤੇ ਵਿਕਸਿਤ ਨਹੀਂ ਹੋ ਸਕਦਾ। ਕਿਸੇ ਦੇਸ਼ ਦੀ ਅਸਲ ਤਰੱਕੀ ਸਿਰਫ਼ ਉੱਚੀਆਂ ਇਮਾਰਤਾਂ, ਚੌੜੀਆਂ ਸੜਕਾਂ, ਆਧੁਨਿਕ ਤਕਨਾਲੋਜੀ ਅਤੇ ਆਰਥਿਕ ਵਿਕਾਸ ਨਾਲ ਨਹੀਂ ਮਾਪੀ ਜਾ ਸਕਦੀ, ਸਗੋਂ ਉਸ ਦੇ ਨਾਗਰਿਕਾਂ ਦੀ ਇਮਾਨਦਾਰੀ ਅਤੇ ਸੰਸਥਾਵਾਂ ਦੀ ਭਰੋਸੇਯੋਗਤਾ ਨਾਲ ਵੀ ਮਾਪੀ ਜਾਂਦੀ ਹੈ।

ਸਾਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਭ੍ਰਿਸ਼ਟਾਚਾਰ ਦੀ ਸ਼ੁਰੂਆਤ ਉਸ ਸਮੇਂ ਹੁੰਦੀ ਹੈ, ਜਦੋਂ ਮਨੁੱਖ ਨਿੱਜੀ ਹਿੱਤਾਂ ਨੂੰ ਸਮਾਜਿਕ ਭਲਾਈ ਤੋਂ ਉੱਪਰ ਰੱਖਣ ਲੱਗ ਪੈਂਦਾ ਹੈ। ਇਸ ਲਈ ਭ੍ਰਿਸ਼ਟਾਚਾਰ ਵਿਰੁੱਧ ਜੰਗ ਦੀ ਸ਼ੁਰੂਆਤ ਆਪਣੇ ਆਪ ਤੋਂ ਹੋਣੀ ਚਾਹੀਦੀ ਹੈ ਅਤੇ ਇਸ ਦਾ ਵਿਸਥਾਰ ਸਮਾਜ ਦੇ ਹਰ ਵਰਗ ਅਤੇ ਪ੍ਰਸ਼ਾਸਨ ਦੇ ਹਰ ਪੱਧਰ ਤੱਕ ਹੋਣਾ ਚਾਹੀਦਾ ਹੈ। ਇਮਾਨਦਾਰੀ, ਪਾਰਦਰਸ਼ਤਾ, ਸਖ਼ਤ ਜਵਾਬਦੇਹੀ ਅਤੇ ਜਾਗਰੂਕ ਨਾਗਰਿਕਤਾ ਹੀ ਇੱਕ ਅਜਿਹੇ ਸਮਾਜ ਦੀ ਸਿਰਜਣਾ ਕਰ ਸਕਦੇ ਹਨ, ਜਿੱਥੇ ਸੱਚਾਈ ਦਾ ਸਤਿਕਾਰ ਹੋਵੇ, ਹਰ ਵਿਅਕਤੀ ਨੂੰ ਨਿਆਂ ਮਿਲੇ ਅਤੇ ਸਰਕਾਰੀ ਸੇਵਾਵਾਂ ਸੱਚੇ ਅਰਥਾਂ ਵਿੱਚ ਲੋਕਾਂ ਦੀ ਸੇਵਾ ਕਰਨ।

ਆਓ, ਅਸੀਂ ਸਾਰੇ ਇਹ ਪ੍ਰਣ ਕਰੀਏ ਕਿ ਨਾ ਭ੍ਰਿਸ਼ਟਾਚਾਰ ਕਰਾਂਗੇ, ਨਾ ਇਸ ਨੂੰ ਸਹਿਣ ਕਰਾਂਗੇ ਅਤੇ ਨਾ ਹੀ ਇਸ ਨੂੰ ਵੱਧਣ ਦੇਵਾਂਗੇ। ਕਿਉਂਕਿ ਦੇਸ਼ ਦੀ ਅਸਲ ਤਾਕਤ ਉਸ ਦੇ ਖ਼ਜ਼ਾਨੇ ਵਿੱਚ ਨਹੀਂ, ਸਗੋਂ ਉਸ ਦੇ ਨਾਗਰਿਕਾਂ ਦੇ ਇਮਾਨਦਾਰ ਚਰਿੱਤਰ ਵਿੱਚ ਹੁੰਦੀ ਹੈ।



SERVPRO
OF TRACY
Cleaning. Restoration. Construction.

ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ

ਅਸੀਂ Insurance Companies ਦੇ National Account 'ਤੇ ਹਾਂ

ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ

Before



After













- ਪਾਣੀ ਨਾਲ ਨੁਕਸਾਨ ਦੀ ਮੁਰੰਮਤ
- ਕਾਰਪੇਟ ਅਤੇ ਫਰਨੀਚਰ ਸੁਕਾਉਣਾ
- ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
- Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ

Before



After



ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ

2275 N Mac Arthur Dr Tracy, CA 95376

CONTACT FOR MORE INFORMATION

DEEPINDER MAHAL
President

Office (209) 834-0200
Cell (408) 963-7702

Pal Films Production

All Your Photo/Videography & Post Production needs Under One Roof







Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....



(925) 489-3400, (341) 356-1517

palfilms925@gmail.com www.thepalfilms.com

ATWAL
IMMIGRATION SERVICES

ATWAL
TAX & IMMIGRATION
— SERVICES —

- FAMILY PETITIONS
- NATURALIZATION (US CITIZENSHIP)
- GREEN CARD RENEW
- WORK PERMIT RENEW
- AFFIDAVIT OF SUPPORT
- INDIAN AND US PASSPORT RENEW
- INDIAN VISA
- OCI
- E-VISA
- INDIAN PASSPORT SURRENDER

ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ



TONY
ATWAL

ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com

ਜਾਂ ਫ਼ਿਰ ਸਾਡੀ WEBSITE
www.atwaltaximmigrationservices.com



ADDRESS 1
119 N Maple Ave, Ste B,Manteca, CA,95336 Manteca
(209) 505-6384

ADDRESS 2
2800 Mitchell Rd,Ste.W,Ceres ,CA 95307, Ceres
(209) 568-9682



‘ਆਸ ਸੋਸ਼ਲ ਵੈਲਫੇਅਰ ਸੁਸਾਇਟੀ’ ਦਾ ਅਹਿਮ ਉਪਰਾਲਾ

ਅੱਜ ਦਾ ਯੁੱਗ ਭਾਵੇਂ ਸ਼ੋਸ਼ਲ ਮੀਡੀਆ ਅਤੇ ਏ ਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਦਾ ਯੁੱਗ ਹੈ, ਜਿੱਥੇ ਤਕਨਾਲੋਜੀ ਨੇ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ ਆਪਣੀ ਥਾਂ ਬਣਾ ਲਈ ਹੈ। ਇਸ ਦੇ ਨਾਲ ਹੀ ਸ਼ੋਸ਼ਲ ਮੀਡੀਆ ਤੇ ਬੇਕਾਰ ਦੀਆਂ ਰੀਲਾਂ ਵੇਖ ਵੇਖ ਕੇ ਹਰ ਰੋਜ਼ ਅਸੀਂ ਆਪਣੀ ਜ਼ਿੰਦਗੀ ਦਾ ਕਿੰਨਾ ਜਿਆਦਾ ਕੀਮਤੀ ਸਮਾਂ ਬਰਬਾਦ ਕਰਦੇ ਹਾਂ ਇਸ ਦਾ ਸਾਨੂੰ ਆਪ ਨੂੰ ਵੀ ਨਹੀਂ ਪਤਾ? ਪਰ ਰੰਗ ਮੰਚ ਤੇ ਦਿਖਾਈ ਜਾਂਦੀ ਨਾਟਕ ਕਲਾ ਅੱਜ ਵੀ ਮਨੁੱਖੀ ਭਾਵਨਾਵਾਂ, ਸਮਾਜਿਕ ਸਰੋਕਾਰਾਂ ਅਤੇ ਜ਼ਿੰਦਗੀ ਦੀਆਂ ਅਸਲ ਹਕੀਕਤਾਂ ਨੂੰ ਪੇਸ਼ ਕਰਨ ਦਾ ਇੱਕ ਪ੍ਰਭਾਵਸ਼ਾਲੀ ਮਾਧਿਅਮ ਹੈ। ਨਾਟਕ ਸਿਰਫ਼ ਸਾਡਾ ਮਨੋਰੰਜਨ ਹੀ ਨਹੀਂ ਕਰਦਾ, ਸਗੋਂ ਸਮਾਜ ਨੂੰ ਸੋਚਣ, ਸਮਝਣ ਅਤੇ ਚੰਗੀ ਤਬਦੀਲੀ ਲਿਆਉਣ ਲਈ ਵੀ ਪ੍ਰੇਰਿਤ ਕਰਦਾ ਹੈ। ਨਾਟਕ ਕਲਾ ਪੰਜਾਬ ਦੀਆਂ ਮਹਾਨ ਲੋਕ ਕਲਾਵਾਂ ਵਿੱਚ ਆਪਣਾ ਇੱਕ ਵਿਸ਼ੇਸ਼ ਸਥਾਨ ਰੱਖਦੀ ਹੈ।



ਆਸ ਸੋਸ਼ਲ ਵੈਲਫੇਅਰ ਸੁਸਾਇਟੀ ਵੱਲੋਂ ਮਿਤੀ 28/11/26 ਦਿਨ ਸ਼ਨੀਵਾਰ ਨੂੰ ਦੁਆਬਾ ਆਰੀਆ ਸੀਨੀਅਰ ਸੈਕੰਡਰੀ ਸਕੂਲ ਰਾਹੋਂ ਰੋਡ ਸ਼ਹੀਦ ਭਗਤ ਸਿੰਘ ਨਗਰ ਵਿਖੇ ਕਰਵਾਏ ਜਾ ਰਹੇ ਨਾਟਕ ਇਸੇ ਉਦੇਸ਼ ਦੀ ਇੱਕ ਸ਼ਲਾਘਾਯੋਗ ਪਹਿਲਕਦਮੀ ਹਨ। ਇਨ੍ਹਾਂ ਨਾਟਕਾਂ ਵਿੱਚ ਦਾਜ ਪ੍ਰਥਾ, ਬਾਲ ਵਿਆਹ, ਨਸ਼ਾ ਮੁਕਤੀ, ਲਿੰਗ ਭੇਦਭਾਵ, ਅੰਧ ਵਿਸ਼ਵਾਸ ਅਤੇ ਭ੍ਰਿਸ਼ਟਾਚਾਰ ਤੋਂ ਬਚਾਅ ਆਦਿ ਵਿਸ਼ਿਆਂ ਰਾਹੀਂ ਸਮਾਜਿਕ ਬੁਰਾਈਆਂ, ਮਨੁੱਖੀ ਰਿਸ਼ਤਿਆਂ, ਨੈਤਿਕ ਕਦਰਾਂ-ਕੀਮਤਾਂ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਕਲਾਤਮਕ ਢੰਗ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕੀਤਾ ਜਾਵੇਗਾ। ਅਜਿਹੇ ਉਪਰਾਲੇ ਨਵੀਂ ਪੀੜ੍ਹੀ ਨੂੰ ਆਪਣੀ ਕਲਾ, ਸੱਭਿਆਚਾਰ ਅਤੇ ਸਮਾਜਿਕ ਜ਼ਿੰਮੇਵਾਰੀਆਂ ਨਾਲ ਜੋੜਦੇ ਹਨ। ਇਸ ਤਕਨਾਲੋਜੀ ਭਾਵੇਂ ਕਿੰਨੀ ਵੀ ਤਰੱਕੀ ਕਰ ਲਵੇ, ਪਰ ਮਨੁੱਖੀ ਸੰਵੇਦਨਾਵਾਂ ਅਤੇ ਕਲਾਕਾਰ ਦੀ ਜਿਉਂਦੀ ਜਾਗਦੀ ਅਦਾਕਾਰੀ ਦਾ ਕੋਈ ਬਦਲ ਨਹੀਂ ਹੋ ਸਕਦਾ। ਨਾਟਕ ਸਮਾਜ ਦਾ ਅਸਲ ਸ਼ੀਸ਼ਾ ਹੁੰਦਾ ਹੈ, ਜੋ ਸਾਨੂੰ ਸਿਰਫ਼ ਆਪਣਾ ਚਿਹਰਾ ਹੀ ਨਹੀਂ ਦਿਖਾਉਂਦਾ, ਸਗੋਂ ਆਪਣੀਆਂ ਕਮੀਆਂ ਨੂੰ ਸੁਧਾਰਨ ਦਾ ਰਾਹ ਵੀ ਦੱਸ ਜਾਂਦਾ ਹੈ।

ਆਸ ਸੋਸ਼ਲ ਵੈਲਫੇਅਰ ਸੁਸਾਇਟੀ ਦਾ ਇਹ ਉਪਰਾਲਾ ਨਾਟਕ ਕਲਾ ਨੂੰ ਜਿਉਂਦਾ ਰੱਖਣ ਦੇ ਨਾਲ-ਨਾਲ ਸਮਾਜ ਵਿੱਚ ਜਾਗਰੂਕਤਾ ਅਤੇ ਉਸਾਰੂ ਸੋਚ ਪੈਦਾ ਕਰਨ ਵੱਲ ਇੱਕ ਸ਼ਲਾਘਾਯੋਗ ਕਦਮ ਹੈ। ਇਸ ਦੇ ਨਾਲ ਹੀ ਕਲਗੀਧਰ ਸਪੋਰਟਸ ਅਤੇ ਵੈਲਫੇਅਰ ਕਲੱਬ ਪਿੰਡ ਬਜ਼ੀਦ ਪੁਰ, ਗੁਰਿੰਦਰ ਸਿੰਘ ਤੂਰ(ਫਾਊਂਡਰ ਪ੍ਰਧਾਨ ਬਲੱਡ ਬੈਂਕ ਨਵਾਂ ਸ਼ਹਿਰ), ਡਾ. ਅਜੇ ਬੱਗਾ (ਬਲੱਡ ਬੈਂਕ ਨਵਾਂ ਸ਼ਹਿਰ), ਸੁਖਵਿੰਦਰ ਸਿੰਘ ਤੂਰ (ਜਨਰਲ ਮੈਨੇਜਰ ਖੰਡ ਮਿੱਲ ਸ਼ਹੀਦ ਭਗਤ ਸਿੰਘ ਨਗਰ), ਬੀਬੀ ਗੁਰਸ਼ਰਨ ਕੌਰ ਨਿਊਜ਼ੀਲੈਂਡ(ਸ਼ਹੀਦ ਭਗਤ ਸਿੰਘ ਨਗਰ), ਬੀਬੀ ਰਾਜਵੀਰ ਕੌਰ ਜੀ ਬਾਜ਼ੀਦ ਪੁਰ (ਕੈਨੇਡਾ), ਮਾਸਟਰ ਮਨੋਜ ਕੁਮਾਰ ਕਰੀਮਪੁਰ (ਫਾਊਂਡਰ ਮੈਂਬਰ), ਪ੍ਰਿੰਸੀਪਲ ਰਾਜਿੰਦਰ ਗਿੱਲ (ਪ੍ਰਿੰਸੀਪਲ ਦੋਆਬਾ ਆਰੀਆ ਸਕੂਲ ਰਾਹੋਂ ਰੋਡ ਨਵਾਂ ਸ਼ਹਿਰ)। ਇਸ ਸਮਾਗਮ ਨੂੰ ਸਫ਼ਲ ਬਣਾਉਣ ਲਈ ਖਾਸ ਤੌਰ ਤੇ ਸਹਿਯੋਗ ਕਰ ਰਹੇ ਹਨ। ਪ੍ਰਬੰਧਕੀ ਟੀਮ ਵੱਲੋਂ ਇਲਾਕਾ ਨਿਵਾਸੀਆਂ ਨੂੰ ਬੇਨਤੀ ਹੈ ਕਿ ਉਹ ਇਸ ਦਿਨ ਦੋਆਬਾ ਆਰੀਆ ਸੀਨੀਅਰ ਸੈਕੰਡਰੀ ਸਕੂਲ ਰਾਹੋਂ ਰੋਡ ਨਵਾਂ ਸ਼ਹਿਰ ਪਹੁੰਚਣ ਤਾਂ ਜੋ ਉਹਨਾਂ ਦੇ ਆਪਣੇ ਮਨੋਰੰਜਨ ਦੇ ਨਾਲ ਨਾਲ ਨਾਟਕ ਖੇਡਣ ਵਾਲੇ ਬੱਚਿਆਂ ਦਾ ਹੌਸਲਾ ਅਫਜਾਈ ਵੀ ਹੋਵੇਗਾ।





SUNSHINE AUTO CARE INC

WE REPAIR ALL"

AUTO • DIESEL TRUCKS • TRAILERS

All Makes & Models



FULL SERVICE AUTO & DIESEL REPAIR

- Engine Diagnostics
- Brake Service
- Suspension & Steering
- Diesel Truck Repair
- Trailer Repair

Reliable • Professional • Fast Service

1003 MOFFAT BLVD.• MANTECA, CA 95336

209-239-1551

Arrested ?
DUI ?
Drug Charges ?
Gun Violation ?

Ghuman Law Group

Get the Legal Defence you Deserve.



Why Choose Us?

- ✓ Trusted Legal Experts
- ✓ Personalized Strategies
- ✓ Proven Track Record

Criminal Defence Law

- DUI / DWI Defense
- Drug Charges
- Domestic Violence Defense
- Assault & Battery Defense
- Theft / Fraud / Financial Crimes
- Probation Violations

Contact Us

info@ghumanlawgroup.com
ghumanlawgroup.org
+1 228-200-0001

INDERJIT S. TOOR
CONSTRUCTION INC.



INDERJIT S. TOOR
CONSTRUCTION INC.
LIC# 842324

ਕੀ ਤੁਸੀਂ ਨਵਾਂ ਘਰ ਜਾਂ ਵਪਾਰਕ ਇਮਾਰਤ
ਬਣਾਉਣ ਦੀ ਯੋਜਨਾ ਬਣਾ ਰਹੇ ਹੋ ?

ਹੋਟਲ | ਅਪਾਰਟਮੈਂਟ | ਡਾਕਟਰਾਂ ਦੇ ਦਫ਼ਤਰ
ਅਤੇ ਗੈਸ ਸਟੇਸ਼ਨਾਂ ਦੇ ਨਿਰਮਾਣ ਕਾਰਜਾਂ ਲਈ
INDERJIT S. TOOR
Construction
ਨਾਲ ਸੰਪਰਕ ਕਰੋ।

Location : Northern California

ਤੁਹਾਡੀ ਸਮੱਸਿਆ, ਸਾਡਾ ਹੱਲ !

HARINDER S. TOOR CEO | (209) 404-4063

htoor@toorinc.com | www.ToorInc.com

2351 Tenaya Dr. Ste D, Modesto, CA 95354



ਹਚੀਕੋ ਦੇ ਪਿਆਰ ਅਤੇ ਵਫ਼ਾਦਾਰੀ ਦੀ ਅਮਰ ਕਹਾਣੀ (ਨੌਂ ਸਾਲ, ਨੌਂ ਮਹੀਨੇ ਅਤੇ ਪੰਦਰਾਂ ਦਿਨਾਂ ਦੀ ਉਡੀਕ ਦੀ ਇੱਕ ਸੱਚੀ ਦਾਸਤਾਨ)

ਦੁਨੀਆ ਵਿੱਚ ਪਿਆਰ ਦੀਆਂ ਅਨੇਕਾਂ ਕਹਾਣੀਆਂ ਸੁਣਨ ਅਤੇ ਪੜ੍ਹਨ ਨੂੰ ਮਿਲਦੀਆਂ ਹਨ। ਕੁਝ ਕਹਾਣੀਆਂ ਮਨੁੱਖੀ ਰਿਸ਼ਤਿਆਂ ਦੀ ਗਹਿਰਾਈ ਬਿਆਨ ਕਰਦੀਆਂ ਹਨ ਅਤੇ ਕੁਝ ਅਜਿਹੀਆਂ ਹੁੰਦੀਆਂ ਹਨ ਜੋ ਬਿਨਾਂ ਕੋਈ ਸ਼ਬਦ ਬੋਲੇ ਹੀ ਮਨੁੱਖਤਾ ਨੂੰ ਬਹੁਤ ਵੱਡਾ ਸਬਕ ਦੇ ਜਾਂਦੀਆਂ ਹਨ। ਜਾਪਾਨ ਦੇ ਇੱਕ ਕੁੱਤੇ ਹਚੀਕੋ ਦੀ ਕਹਾਣੀ ਵੀ ਅਜਿਹੀ ਹੀ ਹੈ, ਜਿਸ ਨੇ ਆਪਣੇ ਮਾਲਕ ਪ੍ਰਤੀ ਪਿਆਰ ਅਤੇ ਵਫ਼ਾਦਾਰੀ ਦੀ ਅਜਿਹੀ ਮਿਸਾਲ ਕਾਇਮ ਕੀਤੀ ਕਿ ਉਸ ਦਾ ਨਾਂ ਦੁਨੀਆ ਭਰ ਵਿੱਚ ਅਮਰ ਹੋ ਗਿਆ। ਇਹ ਸਿਰਫ਼ ਇੱਕ ਕੁੱਤੇ ਦੀ ਆਪਣੇ ਮਾਲਕ ਨੂੰ ਯਾਦ ਕਰਨ ਦੀ ਕਹਾਣੀ ਨਹੀਂ, ਸਗੋਂ ਇੱਕ ਅਜਿਹੇ ਅਨੋਖੇ ਰਿਸ਼ਤੇ ਦੀ ਦਾਸਤਾਨ ਹੈ, ਜਿਸ ਵਿੱਚ ਨਾ ਕੋਈ ਸਵਾਰਥ ਸੀ, ਨਾ ਕੋਈ ਲਾਲਚ ਅਤੇ ਨਾ ਹੀ ਕਿਸੇ ਬਦਲੇ ਦੀ ਉਮੀਦ। ਸਭ ਤੋਂ ਭਾਵੁਕ ਗੱਲ ਇਹ ਹੈ ਕਿ ਜਿਸ ਮਾਲਕ ਦੀ ਵਾਪਸੀ ਦੀ ਆਸ ਵਿੱਚ ਹਚੀਕੋ ਹਰ ਰੋਜ਼ ਸਟੇਸ਼ਨ ਜਾਂਦਾ ਰਿਹਾ, ਉਹ ਮਾਲਕ ਮੁੜ ਕਦੇ ਵਾਪਸ ਨਹੀਂ ਆਉਣਾ ਸੀ।

ਹਚੀਕੋ ਦਾ ਜਨਮ 10 ਨਵੰਬਰ 1923 ਨੂੰ ਜਾਪਾਨ ਦੇ ਅਕੀਤਾ ਸੂਬੇ ਦੇ ਓਡੇਟ ਸ਼ਹਿਰ ਵਿੱਚ ਹੋਇਆ ਸੀ। ਉਹ ਅਕੀਤਾ ਇਨੂ ਨਸਲ ਦਾ ਕੁੱਤਾ ਸੀ, ਜੋ ਆਪਣੀ ਸਮਝਦਾਰੀ ਅਤੇ ਵਫ਼ਾਦਾਰੀ ਲਈ ਜਾਣੀ ਜਾਂਦੀ ਹੈ। ਜਨਵਰੀ 1924 ਵਿੱਚ ਉਸ ਨੂੰ ਟੋਕੀਓ ਇੰਪੀਰੀਅਲ ਯੂਨੀਵਰਸਿਟੀ ਦੇ ਖੇਤੀਬਾੜੀ ਵਿਭਾਗ ਦੇ ਪ੍ਰੋਫ਼ੈਸਰ ਹਿਦੇਸਾਬੂਰੋ ਉਏਨੋ ਕੋਲ ਲਿਆਂਦਾ ਗਿਆ। ਪ੍ਰੋਫ਼ੈਸਰ ਨੇ ਇਸ ਨਿੱਕੇ ਜਿਹੇ ਕਤੂਰੇ ਨੂੰ ਬੜੇ ਪਿਆਰ ਨਾਲ ਆਪਣੇ ਘਰ ਵਿੱਚ ਰੱਖਿਆ ਅਤੇ ਉਸ ਦਾ ਨਾਂ 'ਹਾਚੀ' ਰੱਖਿਆ। ਜਾਪਾਨੀ ਭਾਸ਼ਾ ਵਿੱਚ ਹਾਚੀ ਦਾ ਅਰਥ ਅੱਠ ਹੁੰਦਾ ਹੈ। ਬਾਅਦ ਵਿੱਚ ਲੋਕਾਂ ਨੇ ਪਿਆਰ ਅਤੇ ਸਤਿਕਾਰ ਨਾਲ ਉਸ ਨੂੰ ਹਚੀਕੋ ਕਹਿਣਾ ਸ਼ੁਰੂ ਕਰ ਦਿੱਤਾ। ਪ੍ਰੋਫ਼ੈਸਰ ਉਏਨੋ ਅਤੇ ਹਚੀਕੋ ਵਿਚਕਾਰ ਹੌਲੀ – ਹੌਲੀ ਬਹੁਤ ਗੂੜ੍ਹਾ ਲਗਾਅ ਪੈਦਾ ਹੋ ਗਿਆ। ਪ੍ਰੋਫ਼ੈਸਰ ਉਸ ਨੂੰ ਸਿਰਫ਼ ਘਰ ਵਿੱਚ ਰੱਖਿਆ ਹੋਇਆ ਜਾਨਵਰ ਨਹੀਂ, ਸਗੋਂ ਆਪਣੇ ਪਰਿਵਾਰ ਦੇ ਇੱਕ ਮੈਂਬਰ ਵਾਂਗ ਪਿਆਰ ਕਰਦੇ ਸਨ। ਹਚੀਕੋ ਵੀ ਆਪਣੇ ਮਾਲਕ ਨਾਲ ਇੰਨਾ ਘੁਲ – ਮਿਲ ਗਿਆ ਸੀ ਕਿ ਉਨ੍ਹਾਂ ਦਾ ਹਰ ਰੋਜ਼ ਘਰੋਂ ਜਾਣਾ ਅਤੇ ਵਾਪਸ ਆਉਣਾ ਉਸ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਗਿਆ। ਇਹ ਦੋਵਾਂ ਦੀ ਜ਼ਿੰਦਗੀ ਵਿੱਚ ਇੱਕ ਰੋਜ਼ਾਨਾ ਦਾ ਰੁਟੀਨ ਬਣ ਗਈ ਸੀ। ਪ੍ਰੋਫ਼ੈਸਰ ਜਦੋਂ ਯੂਨੀਵਰਸਿਟੀ ਜਾਣ ਲਈ ਨਿਕਲਦੇ ਤਾਂ ਹਚੀਕੋ ਉਨ੍ਹਾਂ ਦੇ ਨਾਲ ਜਾਂਦਾ ਅਤੇ ਸ਼ਾਮ ਨੂੰ ਉਨ੍ਹਾਂ ਦੀ ਵਾਪਸੀ ਸਮੇਂ ਸ਼ਿਬੂਯਾ ਰੇਲਵੇ ਸਟੇਸ਼ਨ 'ਤੇ ਉਨ੍ਹਾਂ ਦੀ ਉਡੀਕ ਕਰਦਾ। ਪ੍ਰੋਫ਼ੈਸਰ ਦੇ ਰੇਲਗੱਡੀ ਤੋਂ ਉਤਰਨ ਸਾਰ ਹਚੀਕੋ ਉਨ੍ਹਾਂ ਨੂੰ ਮਿਲਦਾ ਅਤੇ ਦੋਵੇਂ ਇਕੱਠੇ ਘਰ ਵਾਪਸ ਆਉਂਦੇ। ਇਹ ਰੋਜ਼ਾਨਾ ਦਾ ਸਿਲਸਿਲਾ ਉਨ੍ਹਾਂ ਦੇ ਆਪਸੀ ਪਿਆਰ ਅਤੇ ਗੂੜ੍ਹੇ ਸਬੰਧ ਦੀ ਪਛਾਣ ਬਣ ਗਿਆ ਸੀ।

ਸਮਾਂ ਆਪਣੀ ਰਫ਼ਤਾਰ ਨਾਲ ਲੰਘ ਰਿਹਾ ਸੀ। ਹਚੀਕੋ ਦੀ ਉਮਰ ਅਜੇ ਲਗਭਗ ਡੇਢ ਸਾਲ ਹੀ ਹੋਈ ਸੀ ਕਿ 21 ਮਈ 1925 ਨੂੰ ਇੱਕ ਅਜਿਹੀ ਘਟਨਾ ਵਾਪਰੀ ਜਿਸ ਨੇ ਉਸ ਦੀ ਪੂਰੀ ਜ਼ਿੰਦਗੀ ਬਦਲ ਦਿੱਤੀ। ਉਸ ਦਿਨ ਪ੍ਰੋਫ਼ੈਸਰ ਉਏਨੋ ਯੂਨੀਵਰਸਿਟੀ ਵਿੱਚ ਕੰਮ ਕਰ ਰਹੇ ਸਨ ਕਿ ਅਚਾਨਕ ਉਨ੍ਹਾਂ ਨੂੰ ਦਿਮਾਗ਼ ਵਿੱਚ ਖ਼ੂਨ ਦਾ ਦੌਰਾ ਪਿਆ ਅਤੇ ਉਨ੍ਹਾਂ ਦੀ ਮੌਤ ਹੋ ਗਈ। ਉਹ ਘਰ ਵਾਪਸ ਨਾ ਆ ਸਕੇ। ਪਰ ਹਚੀਕੋ ਨੂੰ ਇਸ ਦੁਖਦਾਈ ਘਟਨਾ ਬਾਰੇ ਕੀ ਪਤਾ ਸੀ? ਉਹ ਤਾਂ ਆਪਣੇ ਰੋਜ਼ਾਨਾ ਦੇ ਸਿਲਸਿਲੇ ਅਨੁਸਾਰ ਆਪਣੇ ਮਾਲਕ ਦੀ ਉਡੀਕ ਕਰਨ ਲਈ ਸਟੇਸ਼ਨ ਪਹੁੰਚ ਗਿਆ। ਰੇਲਗੱਡੀ ਆਈ, ਯਾਤਰੀ ਉਤਰੇ ਅਤੇ ਆਪਣੇ ਘਰਾਂ ਵੱਲ ਚਲੇ ਗਏ, ਪਰ ਉਨ੍ਹਾਂ ਵਿੱਚ ਉਸ ਦਾ ਮਾਲਕ ਨਹੀਂ ਸੀ। ਹਚੀਕੋ ਉਡੀਕ ਕਰਦਾ ਰਿਹਾ। ਸ਼ਾਇਦ ਉਸ ਨੂੰ ਲੱਗਿਆ ਹੋਵੇ ਕਿ ਅੱਜ ਦੇਰ ਹੋ ਗਈ ਹੈ। ਸ਼ਾਇਦ ਅਗਲੀ ਰੇਲਗੱਡੀ ਨਾਲ਼ ਆ ਜਾਣਗੇ। ਪਰ ਉਸ ਦਿਨ ਪ੍ਰੋਫ਼ੈਸਰ ਵਾਪਸ ਨਹੀਂ ਆਏ। ਅਗਲੇ ਦਿਨ ਵੀ ਹਚੀਕੋ ਆਪਣੇ ਮਾਲਕ ਦੀ ਉਡੀਕ ਕਰਨ ਲਈ ਸਟੇਸ਼ਨ ਪਹੁੰਚਿਆ। ਫਿਰ ਉਸ ਤੋਂ ਅਗਲੇ ਦਿਨ ਅਤੇ ਇਸ ਤਰ੍ਹਾਂ ਹਰ ਰੋਜ਼। ਉਸ ਨੂੰ ਕੀ ਪਤਾ ਸੀ ਕਿ ਜਿਸ ਇਨਸਾਨ ਨਾਲ ਉਸ ਦਾ ਇੰਨਾ ਗੂੜ੍ਹਾ ਪਿਆਰ ਸੀ, ਉਹ ਹੁਣ ਇਸ ਦੁਨੀਆਂ ਵਿੱਚ ਨਹੀਂ ਰਿਹਾ।

ਪ੍ਰੋਫ਼ੈਸਰ ਦੀ ਮੌਤ ਤੋਂ ਬਾਅਦ ਹਚੀਕੋ ਨੂੰ ਕੁਝ ਸਮੇਂ ਲਈ ਵੱਖ-ਵੱਖ ਥਾਵਾਂ 'ਤੇ ਰੱਖਿਆ ਗਿਆ, ਪਰ ਉਸ ਦਾ ਮਨ ਆਪਣੇ ਪੁਰਾਣੇ ਘਰ ਅਤੇ ਮਾਲਕ ਨਾਲ ਜੁੜੀਆਂ ਥਾਵਾਂ ਵਿੱਚ ਹੀ ਲੱਗਦਾ ਸੀ। ਬਾਅਦ ਵਿੱਚ ਉਹ ਪ੍ਰੋਫ਼ੈਸਰ ਦੇ ਮਾਲੀ ਦੇ ਪਰਿਵਾਰ ਕੋਲ ਰਹਿਣ ਲੱਗਾ। ਇਸ ਦੇ ਬਾਵਜੂਦ ਸ਼ਿਬੂਯਾ ਰੇਲਵੇ ਸਟੇਸ਼ਨ ਨਾਲ ਉਸ ਦਾ ਮੋਹ ਕਦੇ ਘੱਟ ਨਾ ਹੋਇਆ। ਉਹ ਹਰ ਰੋਜ਼ ਉੱਥੇ ਜਾਂਦਾ ਅਤੇ ਆਪਣੇ ਮਾਲਕ ਦੀ ਵਾਪਸੀ ਦੀ ਉਡੀਕ ਕਰਦਾ। ਹਚੀਕੋ ਦੀ ਇਹ ਉਡੀਕ ਕੋਈ ਇੱਕ-ਦੋ ਦਿਨਾਂ ਜਾਂ ਕੁਝ ਮਹੀਨਿਆਂ ਦੀ ਗੱਲ ਨਹੀਂ ਸੀ। ਉਸ ਨੇ ਨੌਂ ਸਾਲ, ਨੌਂ ਮਹੀਨੇ ਅਤੇ ਪੰਦਰਾਂ ਦਿਨਾਂ ਤੱਕ ਆਪਣੇ ਮਾਲਕ ਦੀ ਉਡੀਕ ਕੀਤੀ। ਸਾਲ ਬੀਤਦੇ ਗਏ, ਮੌਸਮ ਬਦਲਦੇ ਗਏ, ਸਟੇਸ਼ਨ 'ਤੇ ਆਉਣ-ਜਾਣ ਵਾਲੇ ਲੋਕਾਂ ਦੇ ਚਿਹਰੇ ਬਦਲਦੇ ਰਹੇ, ਪਰ ਹਚੀਕੋ ਦੀ ਉਡੀਕ ਨਾ ਬਦਲੀ। ਕਦੇ ਗਰਮੀਆਂ ਦੀ ਤਿੱਖੀ ਧੁੱਪ ਹੁੰਦੀ, ਕਦੇ ਸਰਦੀਆਂ ਦੀ ਕੜਾਕੇ ਦੀ ਠੰਢ ਅਤੇ ਕਦੇ ਮੀਂਹ ਵਰ੍ਹ ਰਿਹਾ ਹੁੰਦਾ, ਪਰ ਉਹ ਆਪਣੇ ਮਾਲਕ ਦੀ ਆਮਦ ਦੀ ਆਸ ਵਿੱਚ ਸਟੇਸ਼ਨ ਪਹੁੰਚਦਾ ਰਿਹਾ। ਰੇਲਗੱਡੀ ਆਉਂਦੀ, ਦਰਵਾਜ਼ੇ ਖੁੱਲ੍ਹਦੇ, ਯਾਤਰੀ ਉਤਰਦੇ ਅਤੇ ਆਪਣੇ ਪਰਿਵਾਰਾਂ ਨੂੰ ਮਿਲ ਕੇ ਘਰਾਂ ਨੂੰ ਚਲੇ ਜਾਂਦੇ। ਹਚੀਕੋ ਹਰ ਆਉਣ ਵਾਲੇ ਚਿਹਰੇ ਵਿੱਚ ਆਪਣੇ ਮਾਲਕ ਨੂੰ ਲੱਭਦਾ ਰਿਹਾ। ਉਸ ਦੀ ਇਹ ਨਿਰੰਤਰ ਉਡੀਕ ਲੋਕਾਂ ਦੇ ਧਿਆਨ ਵਿੱਚ ਆਉਣ ਲੱਗੀ। ਸਟੇਸ਼ਨ ਦੇ ਕਰਮਚਾਰੀ ਵੀ ਉਸ ਨੂੰ ਪਛਾਣਨ ਲੱਗ ਪਏ ਅਤੇ ਉਸ ਦੀ ਦੇਖ ਭਾਲ਼ ਕਰਨ ਲੱਗੇ। ਕਈ ਲੋਕ ਉਸ ਲਈ ਭੋਜਨ ਲੈ ਕੇ ਆਉਂਦੇ ਸਨ। ਉਸ ਦੀ ਉਮਰ ਵਧਣ ਦੇ ਨਾਲ-ਨਾਲ ਉਸ ਦੀ ਸਿਹਤ ਵੀ ਕਮਜ਼ੋਰ ਹੋਣ ਲੱਗੀ, ਪਰ ਆਪਣੇ ਮਾਲਕ ਨਾਲ ਜੁੜੀ ਉਸ ਦੀ ਆਦਤ ਅਤੇ ਲਗਾਅ ਆਖ਼ਰੀ ਸਮੇਂ ਤੱਕ ਕਾਇਮ ਰਿਹਾ।

ਹਚੀਕੋ ਦੀ ਕਹਾਣੀ ਲੰਮੇ ਸਮੇਂ ਤੱਕ ਸਥਾਨਕ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਰਹੀ। ਸਾਲ 1932 ਵਿੱਚ ਜਾਪਾਨ ਦੇ ਇੱਕ ਪੱਤਰਕਾਰ ਨੇ ਉਸ ਦੀ ਆਪਣੇ ਮਾਲਕ ਪ੍ਰਤੀ ਵਫ਼ਾਦਾਰੀ ਅਤੇ ਸਾਲਾਂ ਤੋਂ ਕੀਤੀ ਜਾ ਰਹੀ ਉਡੀਕ ਬਾਰੇ ਅਖ਼ਬਾਰ ਵਿੱਚ ਲੇਖ ਪ੍ਰਕਾਸ਼ਿਤ ਕੀਤਾ। ਇਸ ਲੇਖ ਨੇ ਹਚੀਕੋ ਦੀ ਕਹਾਣੀ ਨੂੰ ਪੂਰੇ ਜਾਪਾਨ ਵਿੱਚ ਮਸ਼ਹੂਰ ਕਰ ਦਿੱਤਾ। ਲੋਕਾਂ ਨੂੰ ਜਦੋਂ ਪਤਾ ਲੱਗਾ ਕਿ ਇੱਕ ਕੁੱਤਾ ਆਪਣੇ ਮਾਲਕ ਦੀ ਮੌਤ ਤੋਂ ਬਾਅਦ ਵੀ ਸਾਲਾਂ ਤੋਂ ਉਸ ਦੀ ਵਾਪਸੀ ਦੀ ਉਡੀਕ ਕਰ ਰਿਹਾ ਹੈ ਤਾਂ ਹਰ ਕੋਈ ਹੈਰਾਨ ਰਹਿ ਗਿਆ। ਲੋਕ ਉਸ ਨੂੰ ਦੇਖਣ ਲਈ ਸਟੇਸ਼ਨ ਆਉਣ ਲੱਗੇ। ਉਸ ਲਈ ਭੋਜਨ ਲਿਆਂਦਾ ਜਾਣ ਲੱਗਾ ਅਤੇ ਉਸ ਦੀ ਦੇਖ ਭਾਲ਼ ਕੀਤੀ ਜਾਣ ਲੱਗੀ। ਹਚੀਕੋ ਹੁਣ ਸਿਰਫ਼ ਇੱਕ ਕੁੱਤਾ ਨਹੀਂ ਰਿਹਾ ਸੀ, ਸਗੋਂ ਜਾਪਾਨ ਦੇ ਲੋਕਾਂ ਲਈ ਵਫ਼ਾਦਾਰੀ ਅਤੇ ਬੇਸ਼ਰਤ ਪਿਆਰ ਦਾ ਪ੍ਰਤੀਕ ਬਣ ਗਿਆ ਸੀ। ਹਚੀਕੋ ਦੀ ਵਫ਼ਾਦਾਰੀ ਤੋਂ ਪ੍ਰਭਾਵਿਤ ਹੋ ਕੇ ਜਾਪਾਨ ਦੇ ਲੋਕਾਂ ਨੇ ਉਸ ਦੇ ਸਨਮਾਨ ਵਿੱਚ ਸ਼ਿਬੂਯਾ ਰੇਲਵੇ ਸਟੇਸ਼ਨ ਦੇ ਬਾਹਰ ਉਸ ਦਾ ਕਾਂਸੀ ਦਾ ਬੁੱਤ ਸਥਾਪਿਤ ਕਰਨ ਦਾ ਫ਼ੈਸਲਾ ਕੀਤਾ। ਲੋਕਾਂ ਨੇ ਇਸ ਕੰਮ ਲਈ ਪੈਸੇ ਇਕੱਠੇ ਕੀਤੇ ਅਤੇ ਮੂਰਤੀਕਾਰ ਤੇਰੂ ਆਂਦੋ ਨੇ ਉਸ ਦਾ ਬੁੱਤ ਤਿਆਰ ਕੀਤਾ। 21 ਅਪ੍ਰੈਲ 1934 ਨੂੰ ਇਸ ਬੁੱਤ ਦਾ ਉਦਘਾਟਨ ਕੀਤਾ ਗਿਆ। ਸਭ ਤੋਂ ਖ਼ਾਸ ਗੱਲ ਇਹ ਸੀ ਕਿ ਜਿਸ ਕੁੱਤੇ ਦੀ ਵਫ਼ਾਦਾਰੀ ਦੇ ਸਨਮਾਨ ਵਿੱਚ ਇਹ ਬੁੱਤ ਬਣਾਇਆ ਗਿਆ ਸੀ, ਉਹ ਖ਼ੁਦ ਵੀ ਇਸ ਸਮਾਗਮ ਵਿੱਚ ਮੌਜੂਦ ਸੀ। ਇੱਕ ਬੇਜ਼ੁਬਾਨ ਜੀਵ, ਜਿਸ ਦੀ ਸਾਰੀ ਦੁਨੀਆ ਉਸ ਦਾ ਮਾਲਕ ਸੀ, ਅੱਜ ਹਜ਼ਾਰਾਂ ਲੋਕਾਂ ਦੇ ਪਿਆਰ ਅਤੇ ਸਤਿਕਾਰ ਦਾ ਕੇਂਦਰ ਬਣਿਆ ਹੋਇਆ ਸੀ। ਹਚੀਕੋ ਨੂੰ ਸ਼ਾਇਦ ਇਸ ਗੱਲ ਦਾ ਕੋਈ ਅਹਿਸਾਸ ਨਹੀਂ ਸੀ ਕਿ ਉਸ ਦੇ ਨਾਂ ਦਾ ਬੁੱਤ ਬਣਾਇਆ ਗਿਆ ਹੈ, ਪਰ ਲੋਕਾਂ ਲਈ ਉਹ ਇੱਕ ਅਜਿਹਾ ਨਾਇਕ ਬਣ ਚੁੱਕਾ ਸੀ ਜਿਸ ਨੇ ਬਿਨਾਂ ਬੋਲੇ ਹੀ ਪਿਆਰ ਅਤੇ ਸਮਰਪਣ ਦਾ ਅਰਥ ਸਮਝਾ ਦਿੱਤਾ ਸੀ।

ਸਮਾਂ ਕਿਸੇ ਲਈ ਨਹੀਂ ਰੁਕਦਾ। ਲਗਾਤਾਰ ਸਾਲਾਂ ਦੀ ਉਡੀਕ ਅਤੇ ਵਧਦੀ ਉਮਰ ਨੇ ਹਚੀਕੋ ਨੂੰ ਵੀ ਕਮਜ਼ੋਰ ਕਰ ਦਿੱਤਾ ਸੀ। ਉਸ ਦੀ ਸਿਹਤ ਵਿਗੜਨ ਲੱਗੀ ਸੀ। ਉਸ ਨੂੰ ਫਾਇਲੇਰੀਆਸਿਸ ਨਾਮਕ ਪਰਜੀਵੀ ਲਾਗ ਲੱਗ ਗਈ ਸੀ। ਅਖ਼ੀਰ 8 ਮਾਰਚ 1935 ਨੂੰ ਸ਼ਿਬੂਯਾ ਰੇਲਵੇ ਸਟੇਸ਼ਨ ਦੇ ਨੇੜੇ ਇੱਕ ਗਲੀ ਵਿੱਚ ਹਚੀਕੋ ਮ੍ਰਿਤਕ ਮਿਲਿਆ। ਉਸ ਸਮੇਂ ਉਸ ਦੀ ਉਮਰ ਲਗਭਗ 11 ਸਾਲ ਸੀ। ਇਸ ਤਰ੍ਹਾਂ ਉਸ ਦੀ ਆਪਣੇ ਮਾਲਕ ਨੂੰ ਮਿਲਣ ਦੀ ਉਮੀਦ ਨਾਲ ਜੁੜੀ ਇੱਕ ਲੰਮੀ ਉਡੀਕ ਦਾ ਅੰਤ ਹੋ ਗਿਆ ਸੀ। ਉਸ ਦੀ ਮੌਤ ਦੀ ਖ਼ਬਰ ਨੇ ਜਾਪਾਨ ਦੇ ਲੋਕਾਂ ਨੂੰ ਉਦਾਸ ਕਰ ਦਿੱਤਾ। ਅਖ਼ਬਾਰਾਂ ਵਿੱਚ ਉਸ ਦੀ ਮੌਤ ਦੀ ਖ਼ਬਰ ਪ੍ਰਕਾਸ਼ਿਤ ਹੋਈ ਅਤੇ ਲੋਕਾਂ ਨੇ ਉਸ ਨੂੰ ਸ਼ਰਧਾਂਜਲੀ ਦਿੱਤੀ। ਉਸ ਦੇ ਅੰਤਿਮ ਸੰਸਕਾਰ ਸਮੇਂ ਵੀ ਬਹੁਤ ਸਾਰੇ ਲੋਕ ਉਸ ਨੂੰ ਵਿਦਾਇਗੀ ਦੇਣ ਲਈ ਪਹੁੰਚੇ। ਹਚੀਕੋ ਦੀ ਮੌਤ ਤੋਂ ਬਾਅਦ ਉਸ ਦੀ ਦੇਹ ਦਾ ਪੋਸਟਮਾਰਟਮ ਕੀਤਾ ਗਿਆ। ਉਸ ਦੀ ਖੱਲ ਨੂੰ ਵਿਸ਼ੇਸ਼ ਟੈਕਸਿਡਰਮੀ ਵਿਧੀ ਰਾਹੀਂ ਸੰਭਾਲ ਕੇ ਉਸ ਦਾ ਕੁਦਰਤੀ ਆਕਾਰ ਤਿਆਰ ਕੀਤਾ ਗਿਆ, ਜੋ ਅੱਜ ਵੀ ਟੋਕੀਓ ਦੇ ਨੈਸ਼ਨਲ ਮਿਊਜ਼ੀਅਮ ਆਫ਼ ਨੇਚਰ ਐਂਡ ਸਾਇੰਸ ਵਿੱਚ ਪ੍ਰਦਰਸ਼ਿਤ ਹੈ। ਉਸ ਦੇ ਅੰਦਰੂਨੀ ਅੰਗਾਂ ਵਿੱਚੋਂ ਕੁਝ ਨੂੰ ਵੀ ਵਿਗਿਆਨਕ ਅਧਿਐਨ ਲਈ ਸੰਭਾਲਿਆ ਗਿਆ। ਉਸ ਦੇ ਅਵਸ਼ੇਸ਼ਾਂ ਨੂੰ ਦਫ਼ਨਾਉਣ ਦੀ ਰਸਮ ਰਾਹੀਂ ਆਓਯਾਮਾ ਕਬਰਸਤਾਨ ਵਿੱਚ ਉਸ ਦੇ ਪਿਆਰੇ ਮਾਲਕ ਪ੍ਰੋਫ਼ੈਸਰ ਉਏਨੋ ਦੀ ਕਬਰ ਦੇ ਨੇੜੇ ਥਾਂ ਦਿੱਤੀ ਗਈ। ਇਸ ਤਰ੍ਹਾਂ ਮੌਤ ਤੋਂ ਬਾਅਦ ਵੀ ਦੋਵਾਂ ਦੀਆਂ ਯਾਦਾਂ ਇੱਕੋ ਥਾਂ ਨਾਲ਼ ਜੁੜ ਗਈਆਂ।

ਹਚੀਕੋ ਦੀ ਮੌਤ ਤੋਂ ਬਾਅਦ ਵੀ ਉਸ ਦਾ ਬੁੱਤ ਲੋਕਾਂ ਲਈ ਖਿੱਚ ਦਾ ਕੇਂਦਰ ਬਣਿਆ ਰਿਹਾ। ਪਰ ਦੂਜੇ ਵਿਸ਼ਵ ਯੁੱਧ ਦੌਰਾਨ ਜਾਪਾਨ ਵਿੱਚ ਧਾਤਾਂ ਇਕੱਠੀਆਂ ਕਰਨ ਦੀ ਮੁਹਿੰਮ ਚਲਾਈ ਗਈ ਤਾਂ 1944 ਵਿੱਚ ਉਸ ਦਾ ਪਹਿਲਾ ਕਾਂਸੀ ਦਾ ਬੁੱਤ ਵੀ ਹਟਾ ਦਿੱਤਾ ਗਿਆ। ਲੋਕਾਂ ਨੂੰ ਇਸ ਗੱਲ ਦਾ ਦੁੱਖ ਸੀ ਕਿ ਉਨ੍ਹਾਂ ਦੇ ਪਿਆਰੇ ਹਚੀਕੋ ਦੀ ਯਾਦਗਾਰ ਹੁਣ ਉੱਥੇ ਨਹੀਂ ਰਹੀ। ਪਰ ਜਾਪਾਨ ਦੇ ਲੋਕਾਂ ਨੇ ਉਸ ਦੀ ਯਾਦ ਨੂੰ ਮਿਟਣ ਨਹੀਂ ਦਿੱਤਾ। ਜੰਗ ਤੋਂ ਬਾਅਦ ਉਸ ਦਾ ਬੁੱਤ ਮੁੜ ਸਥਾਪਿਤ ਕਰਨ ਲਈ ਯਤਨ ਸ਼ੁਰੂ ਹੋਏ। ਸਾਲ 1948 ਵਿੱਚ ਮੂਰਤੀਕਾਰ ਤੇਰੂ ਆਂਦੋ ਦੇ ਪੁੱਤਰ ਤਾਕੇਸ਼ੀ ਆਂਦੋ ਨੇ ਹਚੀਕੋ ਦਾ ਨਵਾਂ ਕਾਂਸੀ ਦਾ ਬੁੱਤ ਤਿਆਰ ਕੀਤਾ, ਜੋ ਸ਼ਿਬੂਯਾ ਸਟੇਸ਼ਨ ਦੇ ਬਾਹਰ ਸਥਾਪਿਤ ਕੀਤਾ ਗਿਆ। ਅੱਜ ਵੀ ਇਹ ਬੁੱਤ ਟੋਕੀਓ ਦੇ ਪ੍ਰਸਿੱਧ ਸਥਾਨਾਂ ਵਿੱਚੋਂ ਇੱਕ ਹੈ। ਦੁਨੀਆ ਭਰ ਤੋਂ ਆਉਣ ਵਾਲੇ ਲੋਕ ਇੱਥੇ ਉਸ ਦੀ ਯਾਦ ਵਿੱਚ ਤਸਵੀਰਾਂ ਖਿਚਵਾਉਂਦੇ ਹਨ ਅਤੇ ਉਸ ਦੀ ਵਫ਼ਾਦਾਰੀ ਦੀ ਕਹਾਣੀ ਨੂੰ ਯਾਦ ਕਰਦੇ ਹਨ।

ਹਚੀਕੋ ਦੀ ਅਸਲ ਜ਼ਿੰਦਗੀ ਦੀ ਕਹਾਣੀ ਨੇ ਲੇਖਕਾਂ, ਫ਼ਿਲਮ ਨਿਰਮਾਤਾਵਾਂ ਅਤੇ ਕਲਾਕਾਰਾਂ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ। ਸਾਲ 1987 ਵਿੱਚ ਜਾਪਾਨ ਵਿੱਚ "ਹਚੀਕੋ ਮੋਨੋਗਾਤਾਰੀ" ਨਾਂ ਦੀ ਫ਼ਿਲਮ ਬਣਾਈ ਗਈ। ਇਸ ਤੋਂ ਬਾਅਦ 2009 ਵਿੱਚ ਹਾਲੀਵੁੱਡ ਦੀ ਫ਼ਿਲਮ "ਹਾਚੀ–ਏ ਡੌਗ 'ਸ ਟੇਲ '(ਉਚਹਿ: ਅ ਧੋਗ'ਸ ਠਓਲਏ) ਰਿਲੀਜ਼ ਹੋਈ, ਜਿਸ ਵਿੱਚ ਮਸ਼ਹੂਰ ਅਦਾਕਾਰ ਰਿਚਰਡ ਗੇਅਰ ਨੇ ਮੁੱਖ ਭੂਮਿਕਾ ਨਿਭਾਈ। ਇਸ ਫ਼ਿਲਮ ਨੇ ਹਚੀਕੋ ਦੀ ਕਹਾਣੀ ਨੂੰ ਦੁਨੀਆ ਦੇ ਵੱਖ-ਵੱਖ ਦੇਸ਼ਾਂ ਤੱਕ ਪਹੁੰਚਾਇਆ। ਫ਼ਿਲਮ ਦੇਖਣ ਵਾਲੇ ਲੋਕਾਂ ਦੀਆਂ ਅੱਖਾਂ ਨਮ ਹੋ ਗਈਆਂ ਅਤੇ ਬਹੁਤ ਸਾਰੇ ਲੋਕਾਂ ਨੇ ਪਹਿਲੀ ਵਾਰ ਜਾਣਿਆ ਕਿ ਜਾਪਾਨ ਵਿੱਚ ਇੱਕ ਅਜਿਹਾ ਕੁੱਤਾ ਵੀ ਹੋਇਆ ਸੀ ਜਿਸ ਨੇ ਆਪਣੇ ਮਾਲਕ ਦੀ ਯਾਦ ਵਿੱਚ ਆਪਣੀ ਜ਼ਿੰਦਗੀ ਦੇ ਲਗਭਗ ਦਸ ਸਾਲ ਬਿਤਾ ਦਿੱਤੇ ਸਨ। ਪਰ ਹਚੀਕੋ ਦੀ ਅਸਲ ਕਹਾਣੀ ਕਿਸੇ ਫ਼ਿਲਮ ਦੀ ਕਲਪਨਾ ਨਹੀਂ ਸੀ। ਇਹ ਇੱਕ ਅਜਿਹਾ ਸੱਚ ਸੀ ਜਿਸ ਨੂੰ ਸਮਾਂ ਵੀ ਮਿਟਾ ਨਹੀਂ ਸਕਿਆ।

ਹਚੀਕੋ ਦੀ ਕਹਾਣੀ ਨੂੰ ਸਿਰਫ਼ ਇੱਕ ਕੁੱਤੇ ਦੀ ਆਪਣੇ ਮਾਲਕ ਪ੍ਰਤੀ ਵਫ਼ਾਦਾਰੀ ਤੱਕ ਸੀਮਤ ਕਰਕੇ ਨਹੀਂ ਦੇਖਣਾ ਚਾਹੀਦਾ। ਇਹ ਮਨੁੱਖ ਨੂੰ ਆਪਣੇ ਰਿਸ਼ਤਿਆਂ ਪ੍ਰਤੀ ਜ਼ਿੰਮੇਵਾਰੀ ਅਤੇ ਸੰਵੇਦਨਸ਼ੀਲਤਾ ਦਾ ਅਹਿਸਾਸ ਕਰਵਾਉਂਦੀ ਹੈ। ਅੱਜ ਦੇ ਸਮੇਂ ਵਿੱਚ ਜਦੋਂ ਮਨੁੱਖ ਆਪਣੇ ਨਿੱਜੀ ਸੁਆਰਥਾਂ ਕਾਰਨ ਕ

ਡਰਾਈਵਰ ਵੀ ਜ਼ਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ
Traki ਨਾਲ.

ਕਾਗਜ਼ ਸੰਭਾਲੋ
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

ਇਨਵੌਇਸ ਬਣਾਓ
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

ਕਮਾਈ ਵਧਾਓ
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

ਅੱਜ ਹੀ ਸ਼ੁਰੂ ਕਰੋ!

3 ਦਿਨ ਦਾ ਮੁਫ਼ਤ TRIAL ਮਿਲੇਗਾ!

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

ਟਾਈਮ ਬਚਾਓ
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

ਗਲਤੀ ਘੱਟ
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

ਆਫਲਾਈਨ ਕੰਮ
ਇੰਟਰਨੈੱਟ ਬਿਜ਼ਾਂ ਵੀ ਸਭ ਕੁਝ ਚੱਲਦਾ.

ਸਭ ਕੁਝ ਇੱਕ ਜਗ੍ਹਾ
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.

ਪਬਲਿਕ ਹਿਤ ਵਿੱਚ ਸੂਚਨਾ

ਮੈਂ **ਗੁਰਦੀਪ ਸਿੰਘ ਸੰਧੂ** ਜਿਵੇਂ ਕਿ ਤੁਸੀਂ ਜਾਣਦੇ ਹੋ 1973 ਤੋਂ ਹੋਮਿਓਪੈਥਿਕ/ਆਯੁਰਵੈਦਿਕ ਦੀ ਪ੍ਰੈਕਟਿਸ ਕਰ ਰਿਹਾ ਹਾਂ ਇਸ ਪੰਜ ਦਹਾਕਿਆਂ ਤੋਂ ਵੱਧ ਦੇ ਸਮੇਂ ਵਿਚ ਮੈਡੀਕਲ ਕਾਲਜਾਂ ਵਿਚ ਪ੍ਰੋ. ਪ੍ਰਿੰਸੀਪਲ ਤੇ ਚੀਫ਼ ਮੈਡੀਕਲ ਅਫਸਰ ਦੇ ਤੌਰ ਤੇ ਸੇਵਾਵਾਂ ਦਿੰਦਾ ਰਿਹਾ ਹਾਂ। 1996 ਤੋ ਅਮਰੀਕਾ ਵਿਚ ਵੱਖ-ਵੱਖ ਰੇਡੀਓ, ਟੀ.ਵੀ ਸਟੇਸ਼ਨਾਂ, ਯੂਟਿਊਬ, ਫੇਸਬੁਕ ਤੇ ਵੱਖ-ਵੱਖ ਮੀਡੀਆ ਚੈਨਲਾਂ ਰਾਹੀਂ ਪਬਲਿਕ ਨੂੰ ਜੀਵਨ ਤੋਂ ਜੀਵਨ ਦੀ ਉਤਪਤੀ ਸਰੀਰਕ ਬਣਤਰ, ਵਿਸਥਾਰ, ਸਿਹਤ, ਬਿਮਾਰੀ ਅਤੇ ਇਲਾਜਾਂ ਪ੍ਰਤੀ ਜਾਗਰੂਕ ਕਰਦਾ ਆ ਰਿਹਾਂ। ਅੱਜ ਦੇ ਵਕਤ ਅਮੈਰਿਕਨ ਇਕੌਨਮੀ ਦੀ ਮਾੜੀ ਹਾਲਤ ਹੋਣ ਕਰਕੇ ਐਲਾਨ ਕਰਦਾ ਹਾਂ ਕਿ ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜਦ ਥੱਕ ਗਏ ਹੋ ਕੋਈ ਹਲ ਨਹੀਂ ਦਿਸ ਰਿਹਾ ਤਾਂ ਇਕ ਮੌਕਾ ਹੋਮਿਓਪੈਥਿਕ ਦੇ ਸਿਧਾਂਤਕ ਇਲਾਜ ਲਈ ਮੈਨੂੰ ਦਿਓ ਇਸ ਲਈ ਕਾਲ ਕਰੋ: **408 687 1899**

ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ਼ ਲੈਕਚਰ ਸੁਣਨ ਲਈ ਮੇਰਾ ਫੇਸਬੁਕ ਅਤੇ ਯੂਟਿਊਬ ਚੈਨਲ https://youtube/duhk3caceu, sabrang station.com(radio station) ਰੋਜ਼ਾਨਾ ਕੈਲੇਫੋਰਨੀਆ ਟਾਈਮ ਸ਼ਾਮ ਨੂੰ 5 ਤੋ 6 ਵਜੇ ਤਕ ਸੁਣੋ।

Working under sb577 act of California







ਕਈ ਵੀਰਾਂ ਦੇ

LICENSE CANCEL

ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

Green Card ਨਹੀਂ ਹੈ | I-485 Application ਅਜੇ Pending ਹੈ।

Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ
ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ
ਲਈ Legal Guidance



Deportation ਜਾਂ Immigration
Detention Cases ਵਿੱਚ Legal Advice



Appeals ਅਤੇ Immigration
Process ਵਿੱਚ ਸਹਾਇਤਾ



Estate Planning ਰਾਹੀਂ Property
ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ
Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and
Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

ਯਾਦਾਂ ਦੇ ਕੋਨੇ: ਸਰਦੀਆਂ ਦੀ ਧੁੱਪ, ਰਿਸ਼ਤਿਆਂ ਦੀ ਨਿੱਘ ਅਤੇ ਬਚਪਨ ਦੀਆਂ ਅਨਮੋਲ ਯਾਦਾਂ

ਸਰਦੀਆਂ ਦਾ ਮੌਸਮ ਹੌਲੀ-ਹੌਲੀ ਦਸਤਕ ਦੇਣ ਲੱਗ ਪਿਆ ਹੈ। ਠੰਢੀਆਂ ਹਵਾਵਾਂ, ਧੁੰਦ ਅਤੇ ਪ੍ਰਦੂਸ਼ਣ ਜਿੱਥੇ ਸਾਡੀ ਰੋਜ਼ਾਨਾ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੇ ਹਨ, ਉੱਥੇ ਇਹ ਮੌਸਮ ਆਪਣੇ ਨਾਲ ਕਈ ਖੂਬਸੂਰਤ ਯਾਦਾਂ ਵੀ ਲੈ ਕੇ ਆਉਂਦਾ ਹੈ। ਸਰਦੀ ਕਿਸੇ ਲਈ ਮੁਸ਼ਕਲਾਂ ਭਰਿਆ ਮੌਸਮ ਹੋ ਸਕਦੀ ਹੈ ਅਤੇ ਕਿਸੇ ਲਈ ਆਨੰਦ ਤੇ ਸਕੂਨ ਦਾ ਮੌਕਾ। ਜਿਨ੍ਹਾਂ ਕੋਲ ਲੋੜੀਂਦੀਆਂ ਸਹੂਲਤਾਂ ਹਨ, ਉਹ ਮੌਸਮ ਦਾ ਆਨੰਦ ਮਾਣਦੇ ਹਨ, ਪਰ ਗਰੀਬ ਅਤੇ ਬੇਘਰ ਲੋਕਾਂ ਲਈ ਇਹੀ ਠੰਢ ਇੱਕ ਵੱਡੀ ਚੁਣੌਤੀ ਬਣ ਜਾਂਦੀ ਹੈ।

ਸਰਦੀਆਂ ਦਾ ਮੌਸਮ ਆਉਂਦਿਆਂ ਹੀ ਮਨ ਆਪਣੇ ਆਪ ਬਚਪਨ ਦੀਆਂ ਗਲੀਆਂ ਵਿੱਚ ਪਰਤ ਜਾਂਦਾ ਹੈ। ਰਜਾਈ ਵਿੱਚ ਦੁਬਕ ਕੇ ਦਾਦੀ-ਨਾਨੀ ਤੋਂ ਕਹਾਣੀਆਂ ਸੁਣਨਾ, ਮਾਂ ਦੇ ਹੱਥ ਦੀ ਗਰਮ ਚਾਹ ਪੀਣਾ ਅਤੇ ਵਿਹੜੇ ਵਿੱਚ ਬੈਠ ਕੇ ਧੁੱਪ ਸੇਕਣਾ ਉਹ ਵੀ ਕਿੰਨੇ ਸੋਹਣੇ ਦਿਨ ਸਨ! ਖਿੜਕੀ ਰਾਹੀਂ ਆਉਂਦੀ ਠੰਢੀ ਹਵਾ ਮਹਿਸੂਸ ਹੁੰਦੀ ਤਾਂ ਮਾਂ ਦੀ ਆਵਾਜ਼ ਸੁਣਾਈ ਦਿੰਦੀ ਸੀ, "ਖਿੜਕੀ ਬੰਦ ਕਰ ਦਿਓ, ਠੰਢ ਅੰਦਰ ਆ ਰਹੀ ਹੈ।" ਉਨ੍ਹਾਂ ਨਿੱਕੀਆਂ-ਨਿੱਕੀਆਂ ਗੱਲਾਂ ਵਿੱਚ ਵੀ ਕਿੰਨਾ ਪਿਆਰ ਅਤੇ ਆਪਣਾਪਣ ਛੁਪਿਆ ਹੁੰਦਾ ਸੀ।

ਸਰਦੀਆਂ ਦੀਆਂ ਯਾਦਾਂ ਵਿੱਚ ਮੂੰਗਫਲੀ, ਗੱਚਕ, ਰਿਉੜੀਆਂ ਅਤੇ ਗਰਮ ਪਕੌੜਿਆਂ ਦਾ ਆਪਣਾ ਹੀ ਵੱਖਰਾ ਸੁਆਦ ਹੈ। ਦਾਦੀ ਵੱਲੋਂ ਸਵੈਟਰ ਬੁਣਨਾ, ਪਿਤਾ ਜੀ ਦੇ ਘਰ ਪਰਤਣ ਦੀ ਉਡੀਕ ਕਰਨੀ ਅਤੇ ਛੱਤ ਉੱਤੇ ਬੈਠ ਕੇ ਧੁੱਪ ਦਾ ਆਨੰਦ ਲੈਣਾ ਜ਼ਿੰਦਗੀ ਦੀਆਂ ਅਨਮੋਲ ਖੁਸ਼ੀਆਂ ਸਨ। ਪਿੰਡਾਂ ਵਿੱਚ ਸਰਦੀਆਂ ਦੀਆਂ ਰਾਤਾਂ ਹੋਰ ਵੀ ਮਜ਼ੇਦਾਰ ਹੁੰਦੀਆਂ ਸਨ। ਇੱਕੋ ਰਜਾਈ ਵਿੱਚ ਪਰਿਵਾਰ ਦੇ ਕਈ ਮੈਂਬਰ ਬੈਠ ਕੇ ਸਾਰਾ ਦਿਨ ਬੀਤੀਆਂ ਗੱਲਾਂ ਸਾਂਝੀਆਂ ਕਰਦੇ ਸਨ। ਹਾਸੇ-ਮਜ਼ਾਕ ਅਤੇ ਕਿੱਸੇ-ਕਹਾਣੀਆਂ ਵਿੱਚ ਸਮਾਂ ਕਦੋਂ ਬੀਤ ਜਾਂਦਾ ਸੀ, ਪਤਾ ਹੀ ਨਹੀਂ ਲੱਗਦਾ ਸੀ।

ਅੱਜ ਸਮਾਂ ਬਦਲ ਗਿਆ ਹੈ। ਘਰਾਂ ਦੇ ਵਿਹੜੇ ਛੋਟੇ ਹੋ ਗਏ ਹਨ, ਫਲੈਟ ਸੱਭਿਆਚਾਰ ਵਧ ਗਿਆ ਹੈ ਅਤੇ ਪਰਿਵਾਰਾਂ ਕੋਲ ਇੱਕ-ਦੂਜੇ ਲਈ ਸਮਾਂ ਘਟਦਾ ਜਾ ਰਿਹਾ ਹੈ। ਹੀਟਰਾਂ ਅਤੇ ਆਧੁਨਿਕ ਸਹੂਲਤਾਂ ਨੇ ਠੰਢ ਤੋਂ ਬਚਣਾ ਆਸਾਨ ਬਣਾ ਦਿੱਤਾ ਹੈ, ਪਰ ਰਿਸ਼ਤਿਆਂ ਦੀ ਨਿੱਘ ਅਤੇ ਇਕੱਠੇ ਬੈਠਣ ਦੇ ਆਨੰਦ ਨੂੰ ਅਸੀਂ ਕਿਤੇ ਪਿੱਛੇ ਛੱਡ ਦਿੱਤਾ ਹੈ। ਬਜ਼ੁਰਗ ਆਪਣੇ ਪਿਆਰਿਆਂ ਨਾਲ ਗੱਲਬਾਤ ਕਰਨ ਦੀ ਉਡੀਕ ਵਿੱਚ ਦਿਨ ਬਿਤਾਉਂਦੇ ਹਨ ਅਤੇ ਬੱਚੇ ਕੁਦਰਤ ਤੇ ਖੁੱਲ੍ਹੀ ਧੁੱਪ ਤੋਂ ਦੂਰ ਹੁੰਦੇ ਜਾ ਰਹੇ ਹਨ।

ਇਹ ਜ਼ਰੂਰੀ ਨਹੀਂ ਕਿ ਅਸੀਂ ਹਮੇਸ਼ਾ ਬੀਤੇ ਸਮੇਂ ਵਿੱਚ ਹੀ ਜੀਵਨ ਬਿਤਾਈਏ, ਪਰ ਉਨ੍ਹਾਂ ਯਾਦਾਂ ਨੂੰ ਸਾਂਭ ਕੇ ਰੱਖਣਾ ਜ਼ਰੂਰੀ ਹੈ, ਜਿਹੜੀਆਂ ਸਾਨੂੰ ਜ਼ਿੰਦਗੀ ਦੀਆਂ ਸੱਚੀਆਂ ਖੁਸ਼ੀਆਂ ਦਾ ਅਹਿਸਾਸ ਕਰਵਾਉਂਦੀਆਂ ਹਨ। ਸਾਨੂੰ ਆਪਣੇ ਬਜ਼ੁਰਗਾਂ ਕੋਲ ਬੈਠਣਾ ਚਾਹੀਦਾ ਹੈ, ਬੱਚਿਆਂ ਨੂੰ ਧੁੱਪ ਵਿੱਚ ਖੇਡਣ ਦਾ ਮੌਕਾ ਦੇਣਾ ਚਾਹੀਦਾ ਹੈ ਅਤੇ ਪਰਿਵਾਰ ਨਾਲ ਕੁਝ ਸਮਾਂ ਜ਼ਰੂਰ ਬਿਤਾਉਣਾ ਚਾਹੀਦਾ ਹੈ।

ਸਰਦੀਆਂ ਦੀਆਂ ਸ਼ਾਮਾਂ ਅੱਜ ਵੀ ਓਨੀਆਂ ਹੀ ਖੂਬਸੂਰਤ ਹਨ। ਡੁੱਬਦਾ ਹੋਇਆ ਸੂਰਜ, ਰੁੱਖਾਂ ਦੇ ਪੱਤਿਆਂ ਦੀ ਸਰਸਰਾਹਟ, ਠੰਢੀਆਂ ਹਵਾਵਾਂ ਅਤੇ ਰਜਾਈ ਦੀ ਨਿੱਘ ਕੁਦਰਤ ਦੇ ਅਨਮੋਲ ਤੋਹਫ਼ੇ ਹਨ। ਲੋੜ ਸਿਰਫ਼ ਇੰਨੀ ਹੈ ਕਿ ਅਸੀਂ ਆਪਣੀ ਭੱਜ-ਦੌੜ ਭਰੀ ਜ਼ਿੰਦਗੀ ਵਿੱਚੋਂ ਕੁਝ ਪਲ ਕੱਢ ਕੇ ਇਨ੍ਹਾਂ ਦਾ ਆਨੰਦ ਮਾਣਨਾ ਸਿੱਖੀਏ।

ਆਓ, ਇਸ ਸਰਦੀ ਨੂੰ ਸਿਰਫ਼ ਠੰਢ ਤੋਂ ਬਚਣ ਦਾ ਮੌਸਮ ਨਾ ਬਣਾਈਏ, ਸਗੋਂ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨ, ਰਿਸ਼ਤਿਆਂ ਨੂੰ ਮਜ਼ਬੂਤ ਬਣਾਉਣ ਅਤੇ ਨਵੀਆਂ ਯਾਦਾਂ ਦਾ ਸਿਲਸਿਲਾ ਸ਼ੁਰੂ ਕਰਨ ਦਾ ਮੌਕਾ ਬਣਾਈਏ। ਕਿਉਂਕਿ ਸਰਦੀਆਂ ਦੀ ਅਸਲ ਖੂਬਸੂਰਤੀ ਹੀਟਰ ਦੀ ਗਰਮੀ ਵਿੱਚ ਨਹੀਂ, ਸਗੋਂ ਆਪਣੇ ਪਿਆਰਿਆਂ ਨਾਲ ਬੈਠ ਕੇ ਸਾਂਝੀਆਂ ਕੀਤੀਆਂ ਚਾਹ ਦੀਆਂ ਚੁਸਕੀਆਂ, ਹਾਸੇ ਅਤੇ ਪਿਆਰ ਵਿੱਚ ਛੁਪੀ ਹੁੰਦੀ ਹੈ।



SANJHI SOCH

ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

ਜਾਗ ਕਾਮਿਆਂ ਜਾਗ

ਆਇਆ ਕਾਮਾਂ ਮਜਦੂਰੀ ਕਰਕੇ,
ਦਿਲ ਉਸ ਦਾ ਟੁੱਟਿਆ।
ਸ਼ਾਮ ਹੋਈ ਪੰਡ ਸਿਰ 'ਤੇ ਭਾਰੀ,
ਪੈਰ ਨਾ ਜਾਵੇ ਪੁੱਟਿਆ।

ਕਿਸ ਨੂੰ ਹਾਲ ਸੁਣਾਵੇ ਦਿਲ ਦਾ,
ਨਾਲ ਦੁੱਖਾਂ ਦੇ ਭਰਿਆ।
ਕੱਢ ਨਾ ਸਕਿਆ ਘਰੋਂ ਗਰੀਬੀ,
ਯਤਨ ਬਥੇਰਾ ਕਰਿਆ।

ਕਰਜੇ ਦੀ ਪੰਡ, ਫਿਕਰਾਂ ਦੀ ਪੰਡ,
ਗਿਣਤੀ ਰਹੀ ਅਧੂਰੀ।
ਉਹ ਗੱਲ ਉਸ ਨੂੰ ਝੂਠੀ ਲੱਗੇ!
ਮਜਦੂਰੀ ਤੋਂ ਮਿਲਦੀ ਚੂਰੀ।

ਜੰਮੇ ਗਰੀਬ, ਫਿਰ ਮਰੇ ਗਰੀਬ,
ਏਦੂ ਹੋਰ ਦੁੱਖ ਨਾ ਕੋਈ।
ਇਸ ਗੱਲ ਦੀ, ਸਮਝ ਲੱਗੇ ਨਾ,
ਇਹ ਕੀ ਜਾਂਦਾ ਹੋਈ।

ਵੇਚ ਦਿੱਤਾ ਘਰੋਂ ਦਾਣਾ ਫੱਕਾ,
ਬਾਕੀ ਰਿਹਾ ਨਾ ਭੋਰਾ,
ਬਸ! ਪਿੱਛੇ ਇੱਕੋ ਹੀ ਬਚਿਆ,
ਉਹ ਹੱਡਾਂ ਦਾ ਝੋਰਾ।

ਸਾਰਾ ਕਸੂਰ ਸਰਮਾਏਦਾਰਾਂ ਦਾ,
ਜੋ ਲੁੱਟ ਕਿਰਤ ਦੀ ਕਰਦੇ।
ਕੁੱਝ ਘਰਾਣੇ ਉਹ ਨੇ 'ਪੱਤੋ' ਜੋ,
ਨਾਲ ਸਰਕਾਰਾਂ ਰਲਦੇ।



SANJHI SOCH

ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ
ਮੋਗਾ
94658-21417

LARRY T. NIERMEYER
Attorney at Law

OFFERING SERVICES IN THE FOLLOWING AREAS
1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation


PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur

Realtor ®

CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

GHUMAN LAW GROUP INC.

GHUMAN LAW GROUP

ਭਰੋਸੇਯੋਗ ਅਤੇ ਤਜਰਬੇਕਾਰ ਵਕੀਲ ਹੀ ਹਮੇਸ਼ਾ
ਤੁਹਾਡੀ ਸਹੀ ਮਦਦ ਕਰ ਸਕਦਾ ਹੈ।



MON - FRI | 9:00 AM-3:00 PM | +1 (228) 200-0001 | www.ghumanlawgroup.org | 2450 VENTURE OAKS WAY, STE 225 SACRAMENTO, CA

ਸਾਡੀਆਂ ਸੇਵਾਵਾਂ

01 ਜੇ ਕਰ ਤੁਸੀਂ ਕਿਸੇ ਵੀ ਕ੍ਰਿਮਿਨਲ ਕੇਸ ਵਿੱਚ ਫਸੇ ਹੋ।



02 ਜੇ ਕਰ ਤੁਸੀਂ ਆਪਣੇ ਪੁਰਾਣੇ ਕ੍ਰਿਮਿਨਲ ਕੇਸ ਨੂੰ Expunge ਕਰਵਾਉਣਾ ਚਾਹੁੰਦੇ ਹੋ।



03 ਜੇ ਕਰ ਤੁਸੀਂ ਆਪਣੇ Immigration Case ਵਿੱਚ ਕੋਈ Appeal ਲਗਾਉਣੀ ਹੈ।



04 ਜੇ ਕਰ ਤੁਸੀਂ Immigration Case ਵਿੱਚ Bond Hearing ਕਰਵਾਉਣੀ ਹੈ।



ਉੱਪਰ ਲਿਖ਼ੀਆਂ ਸੇਵਾਵਾਂ ਵਿੱਚੋਂ ਕਿਸੇ ਵੀ ਸੇਵਾ ਦੀ ਲੋੜ ਹੈ ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

ਜੇ ਕਰ ਤੁਸੀਂ ਆਪਣੇ ਪੁਰਾਣੇ Criminal Case ਕਰਕੇ USA ਦੀ Citizenship ਲਈ Apply ਨਹੀਂ ਕਰ ਰਹੇ

ਜਾਂ ਤੁਹਾਨੂੰ ਆਪਣਾ Green Card ਖੋਹੇ ਜਾਣ ਦਾ ਡਰ ਹੈ,
ਤਾਂ ਤੁਸੀਂ ਸਾਡੇ ਨਾਲ ਇੱਕ ਵਾਰ ਜ਼ਰੂਰ ਸੰਪਰਕ ਕਰੋ।

MON - FRI | 9:00 AM 3:00 PM | +1 (228) 200-0001 | www.ghumanlawgroup.org | 2450 VENTURE OAKS WAY, STE 225 SACRAMENTO, CA

Truck Parking Yard

ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ



- ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
- ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
- ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ

Truck Parking - Only $200 Monthly
Bobtail Parking - Only $100 Monthly



ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।



ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ

Harbans Gill (209) 972-0013

1651 EAST Whitmore Ave, Ceres, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

Paul Sahota

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ
ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ



e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.



Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।



ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।